ISSN: 2584-0231(Online)
International Journal of Multidisciplinary Research in Arts, Science and Technology
© IJMRAST | Vol. 3 | Issue 12 | December 2025
Available online at: https://ijmrast.com
DOI: https://doi.org/10.61778/ijmrast.v3i12.208

# ਨਾਨਕ ਸਿੰਘ ਦੇ ਨਾਵਲਾਂ ਵਿੱਚ ਭਾਰਤੀ ਦਾਰਸ਼ਨਿਕ ਚਿੰਤਨ ਅਤੇ ਨੈਤਿਕ ਜੀਵਨ-ਦ੍ਰਿਸ਼ਟੀ

**ਡਾ. ਸੰਦੀਪ ਸਿੰਘ ਮੁੰਡੇ**
ਪ੍ਰਿੰਸੀਪਲ, ਗੁਰੂ ਹਰਗੋਬਿੰਦ ਸਾਹਿਬ ਪੀਜੀ ਕਾਲਜ, ਸੀ.ਸੀ. ਹੈਡ, ਸ੍ਰੀ ਗੰਗਾਨਗਰ (ਰਾਜ.)
ਕਨਵੀਨਰ ਪੰਜਾਬੀ, ਮਹਾਰਾਜਾ ਗੰਗਾ ਸਿੰਘ ਯੂਨੀਵਰਸਿਟੀ, ਬੀਕਾਨੇਰ (ਰਾਜ.)
**E-Mail:** sandeepmunday@gmail.com

**ਸਾਰ (Abstract)**

*ਇਹ ਖੋਜ-ਪੇਪਰ ਨਾਨਕ ਸਿੰਘ ਦੀ ਨਾਵਲਕਾਰੀ ਦਾ ਅਧਿਐਨ ਭਾਰਤੀ ਦਾਰਸ਼ਨਿਕ ਚਿੰਤਨ ਅਤੇ ਨੈਤਿਕ ਦ੍ਰਿਸ਼ਟੀ ਦੇ ਸੰਦਰਭ ਵਿੱਚ ਪੇਸ਼ ਕਰਦਾ ਹੈ। ਇਸ ਦਾ ਮੁੱਖ ਤੱਥ ਇਹ ਹੈ ਕਿ ਨਾਨਕ ਸਿੰਘ ਦੀ ਨਾਵਲਕਾਰੀ ਸਿਰਫ਼ ਸਮਾਜਿਕ ਯਥਾਰਥਵਾਦ ਦੇ ਦਾਇਰੇ ਤੱਕ ਸੀਮਿਤ ਨਹੀਂ ਰਹਿੰਦੀ, ਬਲਕਿ ਇਸ ਤੋਂ ਵੀ ਤੋਂ ਵੈਦਿਕ ਚਿੰਤਨ, ਉਪਨਿਸ਼ਦੀ ਆਤਮ-ਗਿਆਨ, ਗੀਤਾ ਦੇ ਕਰਮ-ਯੋਗ, ਅਹਿੰਸਾ ਅਤੇ ਮਾਨਵਤਾ ਦੀ ਸਾਹਿਤਕ ਅਭਿਵਿਅਕਤੀ ਹੈ। ਉਨ੍ਹਾਂ ਦੇ ਨਾਵਲਾਂ ਵਿੱਚ ਕਰਮ-ਸਿਧਾਂਤ ਨੈਤਿਕ ਜ਼ਿੰਮੇਵਾਰੀ ਬਣ ਜਾਂਦਾ ਹੈ, ਜਿੱਥੇ ਪਾਤਰਾਂ ਦੇ ਸੁਖ-ਦੁੱਖ ਉਨ੍ਹਾਂ ਦੇ ਕਰਮਾਂ ਦੇ ਅਨੁਸਾਰ ਨਿਸ਼ਚਿਤ ਹੁੰਦੇ ਹਨ। ਨਾਨਕ ਸਿੰਘ ਦੀ ਨੈਤਿਕ ਦ੍ਰਿਸ਼ਟੀ ਧਰਮ ਨਿਰਪੱਖਤਾ, ਮਾਨਵੀ ਭਾਈਚਾਰੇ, ਸਮਾਜਿਕ ਨਿਆਂ ਅਤੇ ਨਾਰੀ ਚੇਤਨਾ ਨਾਲ ਗਹਿਰਾਈ ਨਾਲ ਜੁੜੀ ਹੋਈ ਹੈ। ਇਸ ਅਧਿਐਨ ਤੋਂ ਸਪਸ਼ਟ ਹੁੰਦਾ ਹੈ ਕਿ ਉਨ੍ਹਾਂ ਦੀਆਂ ਰਚਨਾਵਾਂ ਭਾਰਤੀ ਦਰਸ਼ਨ ਨੂੰ ਲੋਕਧਾਰਾਤਮਿਕ ਅਤੇ ਅਨੁਭਵ-ਗਤ ਰੂਪ ਦੇ ਕੇ ਪਾਠਕ ਦੀ ਸਮਝ ਤੱਕ ਪਹੁੰਚਾਉਂਦੀਆਂ ਹਨ। ਇਸ ਤਰ੍ਹਾਂ, ਨਾਨਕ ਸਿੰਘ ਦੇ ਨਾਵਲ ਸਿਰਫ਼ ਸਾਹਿਤ ਹੀ ਨਹੀਂ, ਸਗੋਂ ਨੈਤਿਕ ਸਿੱਖਿਆ ਅਤੇ ਸਮਾਜਿਕ ਸੁਧਾਰ ਦੇ ਸ਼ਕਤੀਸ਼ਾਲੀ ਸਾਧਨ ਹਨ।*

***ਕੀਵਰਡ (Keywords):*** *ਨਾਨਕ ਸਿੰਘ, ਭਾਰਤੀ ਦਾਰਸ਼ਨਿਕ ਚਿੰਤਨ, ਨੈਤਿਕ ਜੀਵਨ-ਦ੍ਰਿਸ਼ਟੀ, ਕਰਮ-ਵਾਦ, ਧਰਮ ਨਿਰਪੱਖਤਾ, ਮਾਨਵਤਾ, ਨਾਰੀ ਚੇਤਨਾ, ਪੰਜਾਬੀ ਨਾਵਲ, ਲੋਕ-ਧਾਰਾ, ਪ੍ਰਤੀਕਾਤਮਿਕ*

## ਭੂਮਿਕਾ

ਪੰਜਾਬੀ ਸਾਹਿਤ ਦੇ ਇਤਿਹਾਸ ਵਿੱਚ ਨਾਵਲ-ਵਿਧਾ ਨੂੰ ਸਥਾਪਿਤ ਕਰਨ ਅਤੇ ਉਸ ਨੂੰ ਸਮਾਜਿਕ ਜ਼ਿੰਮੇਵਾਰੀ ਨਾਲ ਜੋੜਨ ਵਿੱਚ ਨਾਨਕ ਸਿੰਘ ਦੀ ਭੂਮਿਕਾ ਕੇਂਦਰੀ ਮਹੱਤਵ ਰੱਖਦੀ ਹੈ। ਉਨ੍ਹਾਂ ਨੂੰ "ਪੰਜਾਬੀ ਨਾਵਲ ਦਾ ਪਿਤਾਮਾ" ਕਿਹਾ ਜਾਣਾ ਕੇਵਲ ਇਤਿਹਾਸਕ ਪ੍ਰਾਥਮਿਕਤਾ ਦਾ ਸੰਕੇਤ ਨਹੀਂ, ਸਗੋਂ ਉਨ੍ਹਾਂ ਦੀ ਵਿਚਾਰਧਾਰਕ ਗੰਭੀਰਤਾ, ਮਨੁੱਖੀ ਸੰਵੇਦਨਸ਼ੀਲਤਾ ਅਤੇ ਦਾਰਸ਼ਨਿਕ ਦ੍ਰਿਸ਼ਟੀ ਦਾ ਪ੍ਰਮਾਣ ਹੈ। ਨਾਨਕ ਸਿੰਘ ਦੇ ਨਾਵਲ ਮਨੋਰੰਜਕ ਕਥਾਵਾਂ ਦੇ ਘੇਰੇ ਤੱਕ ਸੀਮਿਤ ਨਹੀਂ ਰਹਿੰਦੇ, ਸਗੋਂ ਉਹ ਪੰਜਾਬੀ ਸਮਾਜ ਦੀ ਨੈਤਿਕ ਬਣਤਰ, ਮਾਨਸਿਕਤਾ, ਸਭਿਆਚਾਰਕ ਕੋਸ਼ਿਸ਼ਾਂ ਅਤੇ ਜੀਵਨ-ਮੁੱਲਾਂ ਦਾ ਡੂੰਘਾ ਵਿਸ਼ਲੇਸ਼ਣ ਪੇਸ਼ ਕਰਦੇ ਹਨ। ਉਨ੍ਹਾਂ ਦੀ ਰਚਨਾਤਮਿਕਤਾ ਵਿੱਚ ਸਮਕਾਲੀ ਸਮਾਜਿਕ ਯਥਾਰਥ ਅਤੇ ਭਾਰਤੀ ਦਾਰਸ਼ਨਿਕ ਚਿੰਤਨ ਦੇ ਅਮੁੱਲ ਸਿਧਾਂਤ ਇਕ-ਦੂਜੇ ਨਾਲ ਰਲ ਕੇ ਇੱਕ ਵਿਸ਼ਾਲ ਸਾਹਿਤਕ-ਦਾਰਸ਼ਨਿਕ ਦ੍ਰਿਸ਼ਟੀ ਦੀ ਸਿਰਜਣਾ ਕਰਦੇ ਹਨ।

ਨਾਨਕ ਸਿੰਘ ਇੱਕ ਅਜਿਹੇ ਸਮਾਜ-ਸੁਧਾਰਕ ਲੇਖਕ ਅਤੇ ਗੰਭੀਰ ਚਿੰਤਕ ਸਨ, ਜਿਨ੍ਹਾਂ ਨੇ ਆਪਣੀ ਕਲਮ ਰਾਹੀਂ ਸਮਕਾਲੀ ਪੰਜਾਬੀ ਸਮਾਜ ਦੀਆਂ ਬੁਰਾਈਆਂ, ਮਨੋਵਿਗਿਆਨਕ ਗੁੰਝਲਾਂ, ਸਾਂਸਕ੍ਰਿਤਿਕ ਟਕਰਾਅ ਅਤੇ ਜੀਵਨ-ਸ਼ੈਲੀ ਨੂੰ ਬੜੀ ਸੰਵੇਦਨਸ਼ੀਲਤਾ ਅਤੇ ਨੈਤਿਕ ਦ੍ਰਿੜ੍ਹਤਾ ਨਾਲ ਪੇਸ਼ ਕੀਤਾ। ਉਨ੍ਹਾਂ ਦਾ ਸਾਹਿਤ ਮਨੋਰੰਜਨ ਦੇ ਖਾਤੇ ਤੱਕ ਸੀਮਿਤ ਨਾ ਰਹਿ ਕੇ ਸਮਾਜਿਕ ਯਥਾਰਥ ਦੀ ਤਿੱਖੀ ਪੜਤਾਲ, ਆਲੋਚਨਾਤਮਿਕ ਵਿਚਾਰ ਅਤੇ ਸੁਧਾਰਕ ਚੇਤਨਾ ਦਾ ਪ੍ਰਬਲ ਪ੍ਰਤੀਕ ਬਣਦਾ ਹੈ। ਨਾਨਕ ਸਿੰਘ ਦੀਆਂ ਰਚਨਾਵਾਂ ਵਿੱਚ ਪੰਜਾਬੀ ਸੱਭਿਆਚਾਰ ਦੀ ਜੀਵੰਤ ਤਸਵੀਰ, ਪਰਿਵਾਰਕ ਅਤੇ ਸਮਾਜਿਕ ਰਿਸ਼ਤਿਆਂ ਦੀ ਬਾਰੀਕ ਬੁਣਤ, ਅਤੇ ਸਮਾਜ ਵਿੱਚ ਵਿਆਪਕ ਬੁਰਾਈਆਂ-ਜਿਵੇਂ ਦੂਜਾ ਵਿਆਹ, ਨਸ਼ਾਖੋਰੀ, ਛੂਤ-ਛਾਤ, ਜ਼ਾਤ-ਪਾਤ ਦਾ ਭੇਦ, ਵਿਧਵਾ-ਪੀੜਾ, ਸਤੀ-ਪ੍ਰਥਾ, ਨਾਰੀ-ਸ਼ੋਸ਼ਣ ਅਤੇ ਧਾਰਮਿਕ ਪਖੰਡ-ਦਾ ਗਹਿਰਾ ਵਿਸ਼ਲੇਸ਼ਣ ਮਿਲਦਾ ਹੈ। ਉਨ੍ਹਾਂ ਨੇ ਆਪਣੇ ਸਾਹਿਤ ਰਾਹੀਂ ਨਾ ਸਿਰਫ਼ ਪੰਜਾਬੀ ਭਾਸ਼ਾ ਨੂੰ ਅਮੀਰ ਬਣਾਇਆ, ਸਗੋਂ ਸਮਾਜ ਨੂੰ ਇੱਕ ਨਵੀਂ ਨੈਤਿਕ, ਬੌਧਿਕ ਅਤੇ ਮਨੁੱਖੀ ਸੇਧ ਵੀ ਪ੍ਰਦਾਨ ਕੀਤੀ।

ਨਾਨਕ ਸਿੰਘ ਦੀ ਰਚਨਾਤਮਿਕਤਾ ਦਾ ਮੂਲ ਸ੍ਰੋਤ ਕੇਵਲ ਬਾਹਰੀ ਸਮਾਜਿਕ ਸਥਿਤੀਆਂ ਅਤੇ ਨਿੱਜੀ ਅਨੁਭਵ ਹੀ ਨਹੀਂ ਸਨ, ਸਗੋਂ ਭਾਰਤੀ ਦਾਰਸ਼ਨਿਕ ਚਿੰਤਨ ਅਤੇ ਨੈਤਿਕ ਜੀਵਨ-ਦ੍ਰਿਸ਼ਟੀ ਦੀ ਉਹ ਵਿਸ਼ਾਲ ਪਰੰਪਰਾ ਵੀ ਸੀ, ਜਿਸ ਨੇ ਉਨ੍ਹਾਂ ਦੇ ਸਾਹਿਤ ਨੂੰ ਵਿਚਾਰਧਾਰਕ ਗਹਿਰਾਈ, ਦਾਰਸ਼ਨਿਕ ਪ੍ਰਭਾਵ ਅਤੇ ਸਰਵ-ਕਾਲੀਨ ਪ੍ਰਸੰਗਕਤਾ ਪ੍ਰਦਾਨ ਕੀਤੀ। ਉਨ੍ਹਾਂ ਦੇ ਨਾਵਲ ਭਾਰਤੀ ਦਰਸ਼ਨ ਦੇ ਸਿਧਾਂਤਾਂ ਨੂੰ ਸਮਾਜਿਕ ਯਥਾਰਥ ਨਾਲ ਜੋੜਨ ਦਾ ਇੱਕ ਵਿਲੱਖਣ, ਸਰਲ ਅਤੇ ਸਫਲ ਯਤਨ ਹਨ, ਜਿੱਥੇ ਗਿਆਨ ਕਿਤਾਬੀ ਜਾਂ ਅਧਿਆਤਮਿਕ ਉਪਦੇਸ਼ ਨਹੀਂ ਰਹਿੰਦਾ, ਸਗੋਂ ਪਾਤਰਾਂ ਦੇ ਜੀਵਨ ਸੰਘਰਸ਼ਾਂ, ਉਨ੍ਹਾਂ ਦੀ ਚੋਣ, ਉਨ੍ਹਾਂ ਦੇ ਦੁਖ-ਸੁਖ ਵਿੱਚੋਂ ਉੱਭਰਦਾ ਹੋਇਆ ਅਨੁਭਵ-ਆਧਾਰਿਤ ਸੱਚ ਬਣ ਜਾਂਦਾ ਹੈ। ਇਸੇ ਕਾਰਨ ਉਨ੍ਹਾਂ ਦਾ ਸਾਹਿਤ ਨਾ ਸਿਰਫ਼ ਪੰਜਾਬੀ ਸਾਹਿਤ ਦਾ ਕਲਾਸਿਕ ਦਰਜਾ ਰੱਖਦਾ ਹੈ, ਸਗੋਂ ਭਾਰਤੀ ਸਾਹਿਤ ਦੇ ਦਾਰਸ਼ਨਿਕ-ਨੈਤਿਕ ਪਰੰਪਰਾ ਵਿੱਚ ਵੀ ਇੱਕ ਮਹੱਤਵਪੂਰਨ ਸਥਾਨ ਦਾ ਹੱਕਦਾਰ ਹੈ।

## ਨਾਨਕ ਸਿੰਘ ਦਾ ਜੀਵਨ, ਸੰਘਰਸ਼ ਅਤੇ ਸਾਹਿਤਕ ਯੋਗਦਾਨ

ਨਾਨਕ ਸਿੰਘ ਦਾ ਜਨਮ 4 ਜੁਲਾਈ 1897 ਨੂੰ ਪਿੰਡ ਚੱਕ ਹਮੀਦ, ਜ਼ਿਲ੍ਹਾ ਜਿਹਲਮ (ਮੌਜੂਦਾ ਪਾਕਿਸਤਾਨ) ਵਿੱਚ ਇੱਕ ਗ਼ਰੀਬ ਪੰਜਾਬੀ ਹਿੰਦੂ ਪਰਿਵਾਰ ਵਿੱਚ ਬਹਾਦਰ ਚੰਦ ਸੂਰੀ ਦੇ ਘਰ ਮਾਤਾ ਲੱਛਮੀ ਦੀ ਕੁੱਖੋਂ ਹੋਇਆ। ਉਨ੍ਹਾਂ ਦਾ ਅਸਲ ਨਾਂ ਹੰਸ ਰਾਜ ਸੀ। ਛੋਟੀ ਉਮਰ ਵਿੱਚ ਹੀ ਪਿਤਾ ਦੀ ਅਕਾਲ-ਮੌਤ ਹੋ ਜਾਣ ਕਾਰਨ ਉਨ੍ਹਾਂ ਦੀ ਔਖੀ ਹਾਲਤ ਵਿੱਚ ਹੋਈ ਪੜ੍ਹਾਈ ਅਧੂਰੀ ਰਹਿ ਗਈ, ਪਰੰਤੂ ਇਹ ਆਰਥਿਕ ਤੰਗੀ ਅਤੇ ਜੀਵਨਕ ਸੰਘਰਸ਼ ਹੀ ਉਨ੍ਹਾਂ ਲਈ ਅਸਲੀ ਪਾਠਸ਼ਾਲਾ ਸਾਬਤ ਹੋਏ। ਇਨ੍ਹਾਂ ਕਠਿਨ ਅਨੁਭਵਾਂ ਨੇ ਉਨ੍ਹਾਂ ਨੂੰ ਆਮ ਮਨੁੱਖ, ਖ਼ਾਸ ਕਰਕੇ ਪੀੜਤ, ਸ਼ੋਸ਼ਿਤ ਅਤੇ ਗ਼ਰੀਬ ਵਰਗ ਦੇ ਦੁੱਖ-ਦਰਦ ਨਾਲ ਸਿੱਧਾ ਜੋੜਿਆ ਅਤੇ ਇਹੀ ਸੰਵੇਦਨਾ ਅੱਗੇ ਚੱਲ ਕੇ ਉਨ੍ਹਾਂ ਦੇ ਨਾਵਲਾਂ ਦੀ ਆਤਮਾ ਅਤੇ ਪ੍ਰੇਰਨਾ ਬਣੀ।

ਨਾਨਕ ਸਿੰਘ ਬਚਪਨ ਤੋਂ ਹੀ ਸਾਹਿਤ, ਇਤਿਹਾਸ ਅਤੇ ਦਾਰਸ਼ਨਿਕ ਵਿਸ਼ਿਆਂ ਵੱਲ ਵਿਸ਼ੇਸ਼ ਆਕਰਸ਼ਣ ਰੱਖਦੇ ਸਨ। ਕੇਵਲ ਤੇਰਾਂ ਸਾਲ ਦੀ ਉਮਰ ਵਿੱਚ ਹੀ ਉਹ ਇਤਿਹਾਸਕ ਵਿਸ਼ਿਆਂ 'ਤੇ ਕਵਿਤਾਵਾਂ ਰਚਣ ਲੱਗ ਪਏ ਸਨ। 13 ਅਪ੍ਰੈਲ 1919 ਨੂੰ ਹੋਏ ਜੱਲਿਆਂਵਾਲਾ ਬਾਗ਼ ਦੇ ਹੱਤਿਆ-ਕਾਂਡ ਨੇ ਉਨ੍ਹਾਂ ਦੀ ਸਮਾਜਿਕ-ਰਾਜਨੀਤਿਕ ਚੇਤਨਾ 'ਤੇ ਅਮਿਟ ਅਤੇ ਡੂੰਘਾ ਅਸਰ ਛੱਡਿਆ। ਇਸ ਨਿਰਦਈ ਹੱਤਿਆ-ਕਾਂਡ ਦੇ ਵਿਰੋਧ ਵਿੱਚ ਉਨ੍ਹਾਂ ਨੇ 'ਖ਼ੂਨੀ ਵਿਸਾਖੀ' ਨਾਮਕ ਇੱਕ ਜੋਸ਼ੀਲੀ ਕਵਿਤਾ ਲਿਖੀ, ਜਿਸ 'ਤੇ ਬ੍ਰਿਟਿਸ਼ ਸਾਮਰਾਜੀ ਸਰਕਾਰ ਵੱਲੋਂ ਤੁਰੰਤ ਪਾਬੰਦੀ ਲਗਾ ਦਿੱਤੀ ਗਈ। ਇਹ ਘਟਨਾ ਨਾਨਕ ਸਿੰਘ ਦੀ ਰਚਨਾਤਮਿਕ ਯਾਤਰਾ ਦਾ ਇੱਕ ਨਿਰਣਾਇਕ ਮੋੜ ਸਾਬਤ ਹੋਈ, ਜਿੱਥੋਂ ਉਨ੍ਹਾਂ ਦਾ ਸਾਹਿਤ ਸਿਰਫ਼ ਕਲਾਤਮਿਕ ਅਭਿਵਿਅਕਤੀ ਨਹੀਂ ਰਹਿ ਗਿਆ, ਸਗੋਂ ਰਾਜਨੀਤਿਕ ਪ੍ਰਤੀਰੋਧ, ਸਮਾਜਿਕ ਬਦਲਾਅ ਅਤੇ ਨੈਤਿਕ ਵਿਰੋਧ ਦਾ ਸ਼ਕਤੀਸ਼ਾਲੀ ਮਾਧਿਅਮ ਵੀ ਬਣ ਗਿਆ।

ਨਾਨਕ ਸਿੰਘ ਨੇ ਸਿੱਖੀ ਦੇ ਅਸੂਲਾਂ ਅਤੇ ਗੁਰੂ ਸਾਹਿਬਾਨ ਦੇ ਉਪਦੇਸ਼ਾਂ ਤੋਂ ਡੂੰਘੇ ਪ੍ਰਭਾਵਿਤ ਹੋ ਕੇ ਸਿੱਖ ਧਰਮ ਅਪਣਾ ਲਿਆ ਅਤੇ ਆਪਣਾ ਨਾਂ ਹੰਸ ਰਾਜ ਤੋਂ ਬਦਲ ਕੇ ਨਾਨਕ ਸਿੰਘ ਰੱਖ ਲਿਆ। ਇਹ ਪਰਿਵਰਤਨ ਕੇਵਲ ਧਾਰਮਿਕ ਪਛਾਣ ਦੀ ਤਬਦੀਲੀ ਨਹੀਂ ਸੀ, ਸਗੋਂ ਇੱਕ ਡੂੰਘੀ ਨੈਤਿਕ, ਆਤਮਿਕ ਅਤੇ ਸਮਾਜਿਕ ਚੇਤਨਾ ਦਾ ਪ੍ਰਗਟਾਵਾ ਸੀ। ਉਹ ਗੁਰਦੁਆਰਾ ਸੁਧਾਰ ਅੰਦੋਲਨ ਨਾਲ ਸਰਗਰਮੀ ਨਾਲ ਜੁੜੇ ਰਹੇ ਅਤੇ 'ਅਕਾਲੀ ਅਖ਼ਬਾਰ' ਦੀ ਸੰਪਾਦਨਾ ਵੀ ਕੀਤੀ, ਜਿਸ ਕਾਰਨ ਉਨ੍ਹਾਂ ਨੂੰ ਕਈ ਵਾਰ ਜੇਲ੍ਹ ਯਾਤਰਾ ਵੀ ਕਰਨੀ ਪਈ। ਇਨ੍ਹਾਂ ਸੰਘਰਸ਼ਸ਼ੀਲ ਅਨੁਭਵਾਂ ਨੇ ਉਨ੍ਹਾਂ ਦੇ ਸਾਹਿਤ ਵਿੱਚ ਅਹਿੰਸਾ, ਕਰਮ-ਯੋਗ, ਤਿਆਗ, ਸਚਾਈ ਅਤੇ ਸਮਾਜਿਕ ਸੁਧਾਰ ਦੀ ਸੋਚ ਨੂੰ ਮਜ਼ਬੂਤ ਅਤੇ ਪ੍ਰਬਲ ਬਣਾਇਆ।

ਨਾਨਕ ਸਿੰਘ ਨੇ ਆਪਣੇ ਜੀਵਨ ਕਾਲ ਵਿੱਚ ਪੰਜਾਹ ਤੋਂ ਵੱਧ ਕਿਤਾਬਾਂ ਦੀ ਰਚਨਾ ਕੀਤੀ, ਜਿਨ੍ਹਾਂ ਵਿੱਚ 38 ਨਾਵਲਾਂ ਦੇ ਨਾਲ-ਨਾਲ ਕਹਾਣੀ-ਸੰਗ੍ਰਹਿ, ਨਾਟਕ, ਸਫ਼ਰਨਾਮੇ ਅਤੇ ਕਾਵਿ-ਰਚਨਾਵਾਂ ਵੀ ਸ਼ਾਮਲ ਹਨ। 'ਮਤਰੇਈ ਮਾਂ', 'ਮਿੱਠਾ ਮਹੁਰਾ', 'ਚਿੱਟਾ ਲਹੂ', 'ਫ਼ੌਲਾਦੀ ਫੁੱਲ', 'ਪਿਆਰ ਦੀ ਦੁਨੀਆ', 'ਟੁੱਟੀ ਵੀਣਾ' ਅਤੇ 'ਅੱਧ ਖਿੜਿਆ ਫੁੱਲ' ਵਰਗੇ ਨਾਵਲ ਪੰਜਾਬੀ ਸਾਹਿਤ ਦੇ ਕਲਾਸਿਕ ਮੰਨੇ ਜਾਂਦੇ ਹਨ ਅਤੇ ਪਾਠਕਾਂ ਦੀਆਂ ਕਈ ਪੀੜ੍ਹੀਆਂ ਨੂੰ ਪ੍ਰਭਾਵਿਤ ਕਰਦੇ ਰਹੇ ਹਨ। ਉਨ੍ਹਾਂ ਦੀ ਸਾਹਿਤਕ ਸੇਵਾ ਦੇ ਸਨਮਾਨ ਵਜੋਂ 1960 ਵਿੱਚ ਪੰਜਾਬ ਸਰਕਾਰ ਵੱਲੋਂ 'ਸਰਵੋਤਮ ਸਾਹਿਤਕ ਪੁਰਸਕਾਰ' ਅਤੇ 1962 ਵਿੱਚ 'ਇੱਕ ਮਿਆਨ ਦੋ ਤਲਵਾਰਾਂ' ਨਾਵਲ ਲਈ 'ਸਾਹਿਤ ਅਕਾਦਮੀ ਪੁਰਸਕਾਰ' ਨਾਲ ਸਨਮਾਨਿਤ ਕੀਤਾ ਗਿਆ। 28 ਦਸੰਬਰ 1971 ਨੂੰ ਅੰਮ੍ਰਿਤਸਰ ਵਿਖੇ ਉਨ੍ਹਾਂ ਦਾ ਦੇਹਾਂਤ ਹੋ ਗਿਆ, ਪਰੰਤੂ ਉਨ੍ਹਾਂ ਦੀ ਰਚਨਾਤਮਿਕ ਚੇਤਨਾ, ਨੈਤਿਕ ਪ੍ਰਬਲਤਾ ਅਤੇ ਸਮਾਜਿਕ ਸੁਚੇਤਨਾ ਅੱਜ ਵੀ ਪੂਰਨ ਪ੍ਰਸੰਗਕ ਅਤੇ ਪ੍ਰੇਰਣਾਦਾਇਕ ਹੈ।

## ਭਾਰਤੀ ਦਾਰਸ਼ਨਿਕ ਚਿੰਤਨ ਅਤੇ ਨੈਤਿਕ ਜੀਵਨ-ਦ੍ਰਿਸ਼ਟੀ: ਸਿਧਾਂਤਕ ਪਰਿਪੇਖ

ਭਾਰਤੀ ਦਾਰਸ਼ਨਿਕ ਚਿੰਤਨ ਅਤੇ ਨੈਤਿਕ ਜੀਵਨ-ਦ੍ਰਿਸ਼ਟੀ ਮਨੁੱਖੀ ਸਭਿਆਚਾਰ ਦੀਆਂ ਸਭ ਤੋਂ ਪ੍ਰਾਚੀਨ, ਵਿਸ਼ਾਲ, ਬਹੁ-ਆਯਾਮੀ ਅਤੇ ਗਹਿਰੀ ਦਾਰਸ਼ਨਿਕ ਧਾਰਾਵਾਂ ਵਿੱਚੋਂ ਇੱਕ ਹੈ, ਜਿਸ ਦਾ ਕੇਂਦਰੀ ਧੁਰਾ ਮਨੁੱਖੀ ਜੀਵਨ ਦੀ ਨੈਤਿਕ, ਆਤਮਿਕ, ਬੌਧਿਕ ਅਤੇ ਸਮਾਜਿਕ ਉੱਚਤਾ ਅਤੇ ਸੰਤੁਲਨ ਹੈ। ਇਸ ਚਿੰਤਨ ਪਰੰਪਰਾ ਵਿੱਚ ਦਰਸ਼ਨ ਨੂੰ ਸਿਰਫ਼ ਬੌਧਿਕ ਵਿਚਾਰ-ਪ੍ਰਣਾਲੀ ਜਾਂ ਤੱਤ-ਵਿਗਿਆਨਕ ਸਿਧਾਂਤ ਨਹੀਂ ਮੰਨਿਆ ਗਿਆ, ਸਗੋਂ ਇਸ ਨੂੰ ਮਨੁੱਖੀ ਜੀਵਨ ਦੇ ਵਿਹਾਰਕ, ਅਨੁਭਵਗਤ ਅਤੇ ਦੈਨਿਕ ਅਮਲਾਂ ਨਾਲ ਜੋੜ ਕੇ ਵੇਖਿਆ ਗਿਆ ਹੈ। ਭਾਰਤੀ ਦਾਰਸ਼ਨਿਕ ਸੋਚ ਅਨੁਸਾਰ ਦਰਸ਼ਨ ਅਤੇ ਜੀਵਨ ਵਿਚਕਾਰ ਕੋਈ ਅਟੁੱਟ ਖਾਈ ਨਹੀਂ; ਇੱਥੇ ਜੀਵਨ ਆਪ ਹੀ ਦਰਸ਼ਨ ਦਾ ਪ੍ਰਗਟ ਅਤੇ ਪ੍ਰਮਾਣਿਤ ਰੂਪ ਬਣ ਜਾਂਦਾ ਹੈ। ਇਸੇ ਕਰਕੇ ਇਹ ਚਿੰਤਨ ਮਨੁੱਖ ਨੂੰ ਕਰਮ, ਆਚਰਨ, ਸੰਯਮ ਅਤੇ ਆਤਮਿਕ ਅਭਿਆਸ ਰਾਹੀਂ ਆਪਣੇ ਅਸਤਿਤਵ ਦੇ ਅਰਥ ਖੋਜਣ, ਸਮਾਜ ਨਾਲ ਸੁਮੇਲ ਸਥਾਪਿਤ ਕਰਨ ਅਤੇ ਪਰਮ ਸੱਤਾ ਨਾਲ ਏਕਤਾ ਪ੍ਰਾਪਤ ਕਰਨ ਲਈ ਪ੍ਰੇਰਿਤ ਕਰਦਾ ਹੈ। ਨੈਤਿਕ ਜੀਵਨ-ਦ੍ਰਿਸ਼ਟੀ ਨੂੰ ਇਸ ਵਿੱਚ ਮਨੁੱਖੀ ਵਿਕਾਸ, ਸ਼ਾਂਤੀ ਅਤੇ ਸੱਚੇ ਸੁਖ ਦਾ ਮੂਲ ਅਧਾਰ ਮੰਨਿਆ ਗਿਆ ਹੈ।

ਵੈਦਿਕ ਦਰਸ਼ਨ, ਭਾਰਤੀ ਦਾਰਸ਼ਨਿਕ ਚਿੰਤਨ ਦੀ ਮੂਲ ਨੀਂਹ ਅਤੇ ਪ੍ਰਾਥਮਿਕ ਸਰੋਤ ਹੈ, ਜਿੱਥੇ ਬ੍ਰਹਿਮੰਡ ਨੂੰ ਇੱਕ ਅਵਿਭਾਜਿਤ, ਅਖੰਡ ਅਤੇ ਪਰਮ ਸੱਤਾ ਦਾ ਵਿਸਥਾਰ ਵਜੋਂ ਸਮਝਿਆ ਗਿਆ ਹੈ। ਵੇਦਾਂ ਅਨੁਸਾਰ ਸਾਰਾ ਦ੍ਰਿਸ਼ਟਮਾਨ ਅਸਤਿਤਵ ਇੱਕੋ ਬ੍ਰਹਮ-ਸੱਤ ਦਾ ਹੀ ਪ੍ਰਗਟਾਵਾ ਹੈ। ਇਸ ਦਾਰਸ਼ਨਿਕ ਵਿਚਾਰ ਦਾ ਨੈਤਿਕ ਅਤੇ ਸਮਾਜਿਕ ਅਰਥ ਸਾਰੇ ਜੀਵਾਂ ਵਿੱਚ ਅੰਤਰ-ਨਿਹਿਤ ਏਕਤਾ, ਸਮਾਨਤਾ, ਪਾਰਸਪਰਿਕ ਸਹਿਣਸ਼ੀਲਤਾ ਅਤੇ ਮਾਨਵੀ ਮਾਣ ਦੇ ਰੂਪ ਵਿੱਚ ਸਾਹਮਣੇ ਆਉਂਦਾ ਹੈ, ਜਿੱਥੇ ਮਨੁੱਖ ਦੀ ਕਦਰ ਉਸ ਦੀ ਜਾਤ, ਵਰਗ, ਧਨ ਜਾਂ ਧਾਰਮਿਕ ਪਛਾਣ ਦੇ ਬਾਹਰੀ ਆਧਾਰ 'ਤੇ ਨਹੀਂ, ਸਗੋਂ ਉਸ ਦੇ ਕਰਮ, ਆਚਰਨ, ਸਦਗੁਣਾਂ ਅਤੇ ਨੈਤਿਕਤਾ ਦੇ ਆਧਾਰ 'ਤੇ ਕੀਤੀ ਜਾਂਦੀ ਹੈ। ਇਹੀ ਵੈਦਿਕ ਦਾਰਸ਼ਨਿਕ ਸੋਚ ਭਾਰਤੀ ਸਮਾਜਿਕ ਨਿਆਂ, ਸਦਭਾਵਨਾ ਅਤੇ ਮਨੁੱਖੀ ਮਾਨਵਤਾ ਦੀ ਨੈਤਿਕ ਬੁਨਿਆਦ ਬਣਦੀ ਹੈ।

ਉਪਨਿਸ਼ਦੀ ਦਰਸ਼ਨ, ਭਾਰਤੀ ਦਾਰਸ਼ਨਿਕ ਚਿੰਤਨ ਨੂੰ ਹੋਰ ਵੀ ਆਤਮਿਕ, ਅੰਤਰਮੁਖੀ ਅਤੇ ਤੱਤ-ਵਿਗਿਆਨਕ ਗਹਿਰਾਈ ਪ੍ਰਦਾਨ ਕਰਦਾ ਹੈ। ਉਪਨਿਸ਼ਦਾਂ ਦਾ ਕੇਂਦਰੀ ਪ੍ਰਸ਼ਨ ਆਤਮਾ (ਆਤਮਨ) ਦੀ ਖੋਜ, ਉਸ ਦੀ ਸਚਾਈ ਅਤੇ ਉਸ ਦੀ ਬ੍ਰਹਮ (ਬ੍ਰਹਮਨ) ਨਾਲ ਅਭੇਦ ਏਕਤਾ ਹੈ। ਦਾਰਸ਼ਨਿਕ ਸਿਧਾਂਤ ਦਾ ਨੈਤਿਕ, ਸਮਾਜਿਕ ਅਤੇ ਮਨੋਵਿਗਿਆਨਕ ਅਰਥ ਇਹ ਹੈ ਕਿ ਹਰ ਮਨੁੱਖ, ਨਰ-ਨਾਰੀ, ਊਚ-ਨੀਚ, ਸਭ ਦੇ ਅੰਦਰ ਇੱਕੋ ਜਿਹੀ ਆਤਮਿਕ ਸੱਤਾ, ਇੱਕੋ ਜਿਹੀ ਚੇਤਨਾ-ਸ਼ਕਤੀ ਨਿਵਾਸ ਕਰਦੀ ਹੈ, ਇਸ ਲਈ ਕਿਸੇ ਵੀ ਤਰ੍ਹਾਂ ਦਾ ਭੇਦਭਾਵ, ਛੂਤਛਾਤ, ਜਾਤੀਗਤ ਵਿਤਕਰਾ ਜਾਂ ਲਿੰਗਗਤ ਅਨਿਆਂ ਅਨੈਤਿਕ, ਅਜਿਹੇ ਅਤੇ ਮੂਲ ਏਕਤਾ ਦੇ ਵਿਰੁੱਧ ਹੈ। ਇਸੇ ਵਿਚਾਰਧਾਰਾ ਤੋਂ ਮਨੁੱਖੀ ਮਾਣ, ਸਾਰਵਭੌਮਿਕ ਸਮਾਨਤਾ, ਕਰੁਣਾ, ਦਇਆ ਅਤੇ ਸਹਿਣਸ਼ੀਲਤਾ ਦੇ ਸਿਧਾਂਤ ਵਿਕਸਿਤ ਹੁੰਦੇ ਹਨ, ਜੋ ਆਧੁਨਿਕ ਸਮਾਜਿਕ ਸੁਧਾਰਾਂ, ਮਨੁੱਖੀ ਅਧਿਕਾਰਾਂ ਅਤੇ ਲੋਕਤੰਤਰੀ ਕਦਰਾਂ-ਕੀਮਤਾਂ ਲਈ ਮਜ਼ਬੂਤ ਵਿਚਾਰਧਾਰਕ ਆਧਾਰ ਮੁਹੱਈਆ ਕਰਦੇ ਹਨ।

ਭਗਵਦ ਗੀਤਾ, ਭਾਰਤੀ ਦਾਰਸ਼ਨਿਕ ਚਿੰਤਨ ਦਾ ਉਹ ਕੇਂਦਰੀ ਗ੍ਰੰਥ ਹੈ ਜੋ ਦਰਸ਼ਨ ਨੂੰ ਸਿੱਧੇ ਅਤੇ ਪ੍ਰਗਟ ਰੂਪ ਵਿੱਚ ਕਰਮ, ਨੈਤਿਕਤਾ ਅਤੇ ਜੀਵਨ-ਦ੍ਰਿਸ਼ਟੀ ਨਾਲ ਜੋੜਦਾ ਹੈ। ਗੀਤਾ ਅਨੁਸਾਰ ਮਨੁੱਖ ਦਾ ਅਧਿਕਾਰ ਅਤੇ ਕਰਤੱਵ ਸਿਰਫ਼ ਕਰਮ ਕਰਨ ‘ਤੇ ਹੈ, ਨਾ ਕਿ ਉਸ ਦੇ ਫਲ਼ ਦੀ ਲਾਲਸਾ ਰੱਖਣ ‘ਤੇ। ਨਿਸ਼ਕਾਮ ਕਰਮ (ਫਲ਼ ਦੀ ਇੱਛਾ ਤੋਂ ਰਹਿਤ ਕਰਮ) ਦਾ ਇਹ ਸਿਧਾਂਤ ਮਨੁੱਖ ਨੂੰ ਕਰਮਾਂ ਤੋਂ ਭੱਜਣ ਦੀ ਥਾਂ ਉਨ੍ਹਾਂ ਨੂੰ ਨੈਤਿਕ ਜ਼ਿੰਮੇਵਾਰੀ, ਆਤਮਿਕ ਸੁਚੇਤਤਾ ਅਤੇ ਸਮਾਜਿਕ ਧਰਮ ਦੇ ਭਾਵ ਨਾਲ ਨਿਭਾਉਣ ਲਈ ਪ੍ਰੇਰਿਤ ਕਰਦਾ ਹੈ। ਇੱਥੇ ਕਰਮ ਭਾਗਵਾਨ ਜਾਂ ਨਿਸ਼ਚੇਵਾਦ ਨਹੀਂ, ਸਗੋਂ ਮਨੁੱਖੀ ਆਜ਼ਾਦੀ, ਨੈਤਿਕ ਚੋਣ, ਜ਼ਿੰਮੇਵਾਰੀ ਅਤੇ ਸਰਗਰਮ ਸੇਵਾ ਦਾ ਪ੍ਰਤੀਕ ਬਣ ਜਾਂਦਾ ਹੈ। ਇਸ ਤਰ੍ਹਾਂ ਗੀਤਾ ਦਾ ਦਰਸ਼ਨ ਸਮਾਜਿਕ ਸੁਧਾਰ, ਤਿਆਗ, ਅਹਿੰਸਾ, ਸੱਤਿਆਗ੍ਰਹਿ ਅਤੇ ਧਰਮ-ਯੁੱਧ (ਨਿਆਂ ਲਈ ਸੰਘਰਸ਼) ਲਈ ਇੱਕ ਮਜ਼ਬੂਤ ਨੈਤਿਕ-ਦਾਰਸ਼ਨਿਕ ਆਧਾਰ ਪ੍ਰਦਾਨ ਕਰਦਾ ਹੈ।

ਭਾਰਤੀ ਦਾਰਸ਼ਨਿਕ ਚਿੰਤਨ ਵਿੱਚ ਧਰਮ ਦੀ ਧਾਰਨਾ ਵੀ ਇੱਕ ਵਿਸ਼ੇਸ਼, ਵਿਸਤ੍ਰਿਤ ਅਤੇ ਨੈਤਿਕ ਅਰਥਾਂ ਵਿੱਚ ਵਰਤੀ ਗਈ ਹੈ। ਇੱਥੇ ਧਰਮ ਦਾ ਅਰਥ ਕਿਸੇ ਇੱਕ ਵਿਸ਼ੇਸ਼ ਮਜ਼ਹਬ, ਪੰਥ ਜਾਂ ਧਾਰਮਿਕ ਸੰਸਥਾ ਦੀਆਂ ਰਸਮਾਂ ਤੱਕ ਸੀਮਿਤ ਨਹੀਂ, ਸਗੋਂ ਇਹ ਨੈਤਿਕ ਕਰਤੱਵ, ਸਮਾਜਿਕ ਜ਼ਿੰਮੇਵਾਰੀ, ਸੰਤੁਲਨ, ਸਚਾਈ ਅਤੇ ਜੀਵਨ ਨੂੰ ਠੀਕ ਢੰਗ ਨਾਲ ਚਲਾਉਣ ਦੇ ਸਾਰੇ ਨਿਯਮਾਂ ਨਾਲ ਜੁੜਿਆ ਹੋਇਆ ਹੈ। ਹਰ ਵਿਅਕਤੀ ਦਾ ਧਰਮ (ਸਵ-ਧਰਮ) ਉਸ ਦੀ ਸਮਾਜਿਕ ਭੂਮਿਕਾ (ਵਰਨ), ਜੀਵਨ ਦੀ ਅਵਸਥਾ (ਆਸ਼ਰਮ) ਅਤੇ ਵਿਅਕਤੀਗਤ ਸਥਿਤੀਆਂ ਅਨੁਸਾਰ ਵੱਖਰਾ ਹੋ ਸਕਦਾ ਹੈ, ਪਰ ਉਸ ਦਾ ਕੇਂਦਰੀ ਸਾਰ ਸਦਾ ਸੱਚ, ਨਿਆਂ, ਕਰੁਣਾ, ਅਹਿੰਸਾ ਅਤੇ ਸਦਭਾਵਨਾ ਹੀ ਰਹਿੰਦਾ ਹੈ। ਇਸ ਦਾਰਸ਼ਨਿਕ ਧਾਰਨਾ ਨੇ ਭਾਰਤੀ ਸਮਾਜ ਵਿੱਚ ਸਰਵ-ਧਰਮ-ਸਦਭਾਵ, ਧਾਰਮਿਕ ਬਹੁਲਤਾ ਵਿੱਚ ਏਕਤਾ ਅਤੇ ਧਰਮ ਨਿਰਪੱਖਤਾ ਦੀ ਨੈਤਿਕ ਸੋਚ ਨੂੰ ਜਨਮ ਦਿੱਤਾ, ਜੋ ਮਾਨਵੀ ਭਾਈਚਾਰੇ, ਸਮਾਜਿਕ ਏਕਤਾ ਅਤੇ ਰਾਸ਼ਟਰੀ ਅਖੰਡਤਾ ਦੀ ਮਜ਼ਬੂਤ ਨੀਂਹ ਹੈ।

ਅਹਿੰਸਾ, ਕਰੁਣਾ ਅਤੇ ਤਿਆਗ ਭਾਰਤੀ ਦਾਰਸ਼ਨਿਕ ਚਿੰਤਨ ਅਤੇ ਨੈਤਿਕ ਜੀਵਨ-ਦ੍ਰਿਸ਼ਟੀ ਦੇ ਅਟੁੱਟ ਅੰਗ ਹਨ। ਅਹਿੰਸਾ ਦਾ ਅਰਥ ਕੇਵਲ ਸਰੀਰਕ ਹਿੰਸਾ ਤੋਂ ਬਚਣਾ ਨਹੀਂ, ਸਗੋਂ ਵਿਚਾਰ, ਬੋਲ ਅਤੇ ਕਰਮ-ਇਹਨਾਂ ਤਿੰਨਾਂ ਪੱਧਰਾਂ ‘ਤੇ ਹਿੰਸਾ, ਦੁਰਭਾਵਨਾ ਅਤੇ ਨਫ਼ਰਤ ਤੋਂ ਦੂਰ ਰਹਿਣਾ ਹੈ। ਕਰੁਣਾ ਮਨੁੱਖ ਨੂੰ ਦੂਜਿਆਂ ਦੇ ਦੁੱਖ, ਪੀੜਾ ਅਤੇ ਕਸ਼ਟ ਨਾਲ ਆਤਮਿਕ ਤੌਰ ‘ਤੇ ਜੋੜਦੀ ਹੈ ਤੇ ਸੇਵਾ ਅਤੇ ਸੁਹਿਰਦਤਾ ਲਈ ਪ੍ਰੇਰਿਤ ਕਰਦੀ ਹੈ, ਜਦਕਿ ਤਿਆਗ ਸੁਆਰਥ, ਲਾਲਚ, ਮੋਹ ਅਤੇ ਅਹੰਕਾਰ ਨੂੰ ਛੱਡ ਕੇ ਨਿਰਲੇਪਤਾ ਭਾਵ ਨਾਲ ਸਮੂਹਕ ਭਲਾਈ ਅਤੇ ਧਰਮ ਲਈ ਕੰਮ ਕਰਨ ਵੱਲ ਪ੍ਰੇਰਿਤ ਕਰਦਾ ਹੈ। ਇਹ ਤਿੰਨੇ ਤੱਤ ਮਿਲ ਕੇ ਮਨੁੱਖੀ ਜੀਵਨ ਨੂੰ ਨੈਤਿਕ ਉਚਾਈ, ਆਤਮਿਕ ਸ਼ਾਂਤੀ ਅਤੇ ਸਮਾਜਿਕ ਸੰਤੁਲਨ ਪ੍ਰਦਾਨ ਕਰਦੇ ਹਨ।

ਭਾਰਤੀ ਦਾਰਸ਼ਨਿਕ ਚਿੰਤਨ ਦੀ ਇੱਕ ਹੋਰ ਮਹੱਤਵਪੂਰਨ ਵਿਸ਼ੇਸ਼ਤਾ ਇਸ ਦਾ ਲੋਕਧਾਰਾਤਮਿਕ, ਪ੍ਰਤੀਕਾਤਮਿਕ ਅਤੇ ਵਿਹਾਰਕ ਰੂਪ ਹੈ। ਇਹ ਚਿੰਤਨ ਸਿਰਫ਼ ਦਾਰਸ਼ਨਿਕ ਗ੍ਰੰਥਾਂ ਜਾਂ ਤੱਤ-ਵਾਦੀ ਵਿਚਾਰਾਂ ਤੱਕ ਸੀਮਿਤ ਨਹੀਂ ਰਹਿੰਦਾ, ਸਗੋਂ ਲੋਕ-ਕਥਾਵਾਂ, ਮਹਾਂਕਾਵਿਆਂ (ਰਾਮਾਇਣ, ਮਹਾਂਭਾਰਤ), ਪੁਰਾਣਾਂ, ਪ੍ਰਤੀਕਾਂ, ਮੁਹਾਵਰਿਆਂ, ਲੋਕ-ਗੀਤਾਂ, ਰਸਮਾਂ ਅਤੇ ਲੋਕ-ਵਿਸ਼ਵਾਸਾਂ ਰਾਹੀਂ ਆਮ ਮਨੁੱਖ ਦੀ ਜ਼ਿੰਦਗੀ ਵਿੱਚ ਰਚ-ਬਸ ਜਾਂਦਾ ਹੈ। ਇਸ ਕਾਰਨ ਦਰਸ਼ਨ ਕੇਵਲ ਸ਼ਾਸਤਰੀ ਜਾਂ ਸਿਧਾਂਤਕ ਨਾ ਰਹਿ ਕੇ ਜੀਵਨ ਨਾਲ ਸਿੱਧਾ, ਸਰਲ ਅਤੇ ਅਨੁਭਵ-ਯੋਗ ਬਣ ਜਾਂਦਾ ਹੈ। ਇਹੀ ਕਾਰਨ ਹੈ ਕਿ ਭਾਰਤੀ ਸਮਾਜ ਵਿੱਚ ਦਾਰਸ਼ਨਿਕ ਸਿਧਾਂਤ ਆਮ ਲੋਕ-ਚੇਤਨਾ ਦਾ ਹਿੱਸਾ ਬਣੇ ਰਹੇ ਹਨ।

## ਨਾਨਕ ਸਿੰਘ ਦੀ ਨਾਵਲਕਾਰੀ ਅਤੇ ਭਾਰਤੀ ਦਾਰਸ਼ਨਿਕ ਚਿੰਤਨ

ਨਾਨਕ ਸਿੰਘ ਦੇ ਨਾਵਲਾਂ ਵਿੱਚ ਭਾਰਤੀ ਦਾਰਸ਼ਨਿਕ ਚਿੰਤਨ ਅਤੇ ਨੈਤਿਕ ਜੀਵਨ-ਦ੍ਰਿਸ਼ਟੀ ਦੀ ਇੱਕ ਆਧੁਨਿਕ, ਪ੍ਰਗਤੀਸ਼ੀਲ ਅਤੇ ਸਮਾਜਿਕ-ਯਥਾਰਥਕ ਅਭਿਵਿਅਕਤੀ ਮਿਲਦੀ ਹੈ। ਇਸ ਦੇ ਨਾਵਲਾਂ ਵਿੱਚ ਕਰਮ-ਯੋਗ ਨੈਤਿਕ ਜ਼ਿੰਮੇਵਾਰੀ ਅਤੇ ਸਮਾਜਿਕ ਸੇਵਾ ਦੇ ਰੂਪ ਵਿੱਚ ਢਲ ਜਾਂਦਾ ਹੈ, ਉਪਨਿਸ਼ਦੀ ਆਤਮ-ਗਿਆਨ ਮਨੁੱਖੀ ਚੇਤਨਾ, ਆਤਮ-ਸੁਧਾਰ ਅਤੇ ਸਵੈ-ਪੜਤਾਲ ਵਿੱਚ ਪਰਿਵਰਤਿਤ ਹੋ ਜਾਂਦਾ ਹੈ ਅਤੇ ਧਰਮ ਮਨੁੱਖਤਾ, ਨਿਆਂ ਅਤੇ ਸਦਭਾਵਨਾ ਦੇ ਵਿਸ਼ਾਲ ਅਰਥਾਂ ਵਿੱਚ ਪ੍ਰਗਟ ਹੁੰਦਾ ਹੈ। ਇਸ ਤਰ੍ਹਾਂ ਭਾਰਤੀ ਦਾਰਸ਼ਨਿਕ ਚਿੰਤਨ ਅਤੇ ਨੈਤਿਕ ਜੀਵਨ-ਦ੍ਰਿਸ਼ਟੀ ਨਾਨਕ ਸਿੰਘ ਦੇ ਸਾਹਿਤ ਵਿੱਚ ਜੀਵਨ ਦੀ ਜਿਉਂਦੀ-ਜਾਗਦੀ ਸਚਾਈ, ਸਮਾਜਿਕ ਬਦਲਾਅ ਦਾ ਸਾਧਨ ਅਤੇ ਮਨੁੱਖੀ ਉੱਨਤੀ ਦਾ ਮਾਰਗ-ਦਰਸ਼ਕ ਵਜੋਂ ਸਾਹਮਣੇ ਆਉਂਦੀ ਹੈ। ਇਸ ਪਰੰਪਰਾ ਵਿੱਚ ਗਿਆਨ ਨੂੰ ਨਾ ਕੇਵਲ ਬੌਧਿਕ ਸਮਝਦਾਰੀ, ਸਗੋਂ ਨੈਤਿਕ, ਭਾਵਨਾਤਮਕ ਅਤੇ ਅਧਿਆਤਮਿਕ ਵਿਕਾਸ ਦਾ ਸਾਧਨ ਮੰਨਿਆ ਜਾਂਦਾ ਹੈ, ਜਿਸ ਨੂੰ ਨਾਨਕ ਸਿੰਘ ਨੇ ਆਪਣੇ ਨਾਵਲਾਂ ਰਾਹੀਂ ਜਨ-ਸਾਧਾਰਨ ਦੀ ਬੋਲੀ, ਉਨ੍ਹਾਂ ਦੇ ਅਨੁਭਵਾਂ ਅਤੇ ਉਨ੍ਹਾਂ ਦੀਆਂ ਸਮੱਸਿਆਵਾਂ ਦੇ ਸੰਦਰਭ ਵਿੱਚ ਪਹੁੰਚਾਇਆ। ਉਸ ਨੇ ਆਪਣੇ ਨਾਵਲਾਂ ਵਿੱਚ ਦਾਰਸ਼ਨਿਕ ਚਿੰਤਨ ਅਤੇ ਨੈਤਿਕ ਜੀਵਨ-ਦ੍ਰਿਸ਼ਟੀ ਦੇ ਕਈ ਪੱਖਾਂ ਨੂੰ ਬੜੀ ਸੂਖਮਤਾ, ਕਲਾਤਮਕਤਾ ਅਤੇ ਸੰਵੇਦਨਸ਼ੀਲਤਾ ਨਾਲ ਪੇਸ਼ ਕੀਤਾ। ਇਹਨਾਂ ਪੱਖਾਂ ਦਾ ਅਸੀਂ ਹੇਠ ਲਿਖੇ ਅਨੁਸਾਰ ਵਿਸਤ੍ਰਿਤ ਅਧਿਐਨ ਕਰਦੇ ਹਾਂ:

### 1. ਕਰਮ-ਵਾਦ, ਨੈਤਿਕਤਾ ਅਤੇ ਪਾਤਰ-ਨਿਰਮਾਣ

ਭਾਰਤੀ ਦਾਰਸ਼ਨਿਕ ਚਿੰਤਨ ਮਨੁੱਖ ਦੇ ਜੀਵਨ ਨੂੰ ਨੈਤਿਕ ਜ਼ਿੰਮੇਵਾਰੀ, ਕਰਮ-ਕਾਰਜ ਦੇ ਸੰਬੰਧ ਅਤੇ ਨਿਆਂ-ਬੁੱਧੀ ਨਾਲ ਜੋੜਦਾ ਹੈ। ਇਸ ਸਿਧਾਂਤ ਅਨੁਸਾਰ ਮਨੁੱਖ ਆਪਣੇ ਕਰਮਾਂ (ਵਿਚਾਰ, ਬੋਲ, ਕੰਮ) ਦਾ ਆਪ ਹੀ ਕਰਤਾ ਅਤੇ ਭੋਗਤਾ ਹੁੰਦਾ ਹੈ; ਉਸ ਦੇ ਵਰਤਮਾਨ ਦਾ ਆਧਾਰ ਭੂਤਕਾਲ ਦੇ ਕਰਮ ਹਨ ਅਤੇ ਭਵਿੱਖ ਉਸ ਦੇ ਵਰਤਮਾਨ ਕਰਮਾਂ 'ਤੇ ਨਿਰਭਰ ਕਰਦਾ ਹੈ। ਉਪਨਿਸ਼ਦਾਂ ਅਤੇ ਭਗਵਦ ਗੀਤਾ ਵਿੱਚ ਕਰਮ ਨੂੰ ਨਿਸ਼ਕਾਮ ਭਾਵ (ਫਲ਼ ਦੀ ਆਸ਼ਾ ਤੋਂ ਮੁਕਤ), ਨਿਰਪੱਖਤਾ ਅਤੇ ਧਰਮ ਦੀ ਭਾਵਨਾ ਨਾਲ ਕਰਨ ਉੱਤੇ ਜ਼ੋਰ ਦਿੱਤਾ ਗਿਆ ਹੈ, ਜਿੱਥੇ ਫਲ਼ ਦੀ ਲਾਲਸਾ ਤੋਂ ਉਪਰ ਉੱਠ ਕੇ ਕਰਮ ਕਰਨ ਨੂੰ ਆਤਮਿਕ ਉੱਚਤਾ, ਮੁਕਤੀ ਅਤੇ ਸੱਚੇ ਸੁਖ ਦਾ ਮਾਰਗ ਮੰਨਿਆ ਗਿਆ ਹੈ। ਪੰਜਾਬੀ ਨਾਵਲਕਾਰੀ ਵਿੱਚ ਇਸ ਦਰਸ਼ਨ ਦਾ ਸਭ ਤੋਂ ਪ੍ਰਭਾਵਸ਼ਾਲੀ, ਲੋਕਪ੍ਰਿਅ ਅਤੇ ਕਲਾਤਮਕ ਰੂਪ ਨਾਨਕ ਸਿੰਘ ਦੇ ਨਾਵਲਾਂ ਵਿੱਚ ਮਿਲਦਾ ਹੈ। ਨਾਨਕ ਸਿੰਘ ਕਰਮ-ਵਾਦ ਨੂੰ ਕਿਸੇ ਸਿੱਧੇ ਦਾਰਸ਼ਨਿਕ ਉਪਦੇਸ਼ ਜਾਂ ਅਮੂਰਤ ਵਿਚਾਰਧਾਰਾ ਵਜੋਂ ਨਹੀਂ, ਸਗੋਂ ਜੀਵਨ ਦੇ ਅਨੁਭਵਕ ਯਥਾਰਥ, ਪਾਤਰਾਂ ਦੇ ਸੰਘਰਸ਼, ਉਨ੍ਹਾਂ ਦੀਆਂ ਚੋਣਾਂ ਅਤੇ ਉਨ੍ਹਾਂ ਦੇ ਜੀਵਨ-ਫਲ਼ਾਂ ਰਾਹੀਂ ਪੇਸ਼ ਕਰਦੇ ਹਨ, ਜਿਸ ਨਾਲ ਪਾਠਕ ਆਪਣੇ ਆਪ ਨੂੰ ਪਾਤਰਾਂ ਦੇ ਕਰਮਾਂ ਅਤੇ ਉਨ੍ਹਾਂ ਦੇ ਨਤੀਜਿਆਂ ਨਾਲ ਸਹਿਜੇ ਹੀ ਜੋੜ ਕੇ ਵੇਖਦਾ ਤੇ ਮੁਲਾਂਕਣ ਕਰਦਾ ਹੈ।

ਨਾਨਕ ਸਿੰਘ ਦੇ ਮੁੱਢਲੇ ਨਾਵਲਾਂ ਵਿੱਚ ਕਰਮ-ਵਾਦ ਨੈਤਿਕ ਨਿਆਂ ਅਤੇ ਸਜ਼ਾ-ਪੁਰਸਕਾਰ ਦੇ ਰੂਪ ਵਿੱਚ ਸਪਸ਼ਟ ਉੱਭਰਦਾ ਹੈ। 'ਮਤਰੇਈ ਮਾਂ' ਨਾਵਲ ਵਿੱਚ ਦਿਆਲੀ ਦਾ ਪਾਤਰ ਲਾਲਚ, ਨਿਰਦੈਤਾ, ਸੁਆਰਥ ਅਤੇ ਅਨੈਤਿਕਤਾ ਦਾ

ਪ੍ਰਤੀਕ ਹੈ। ਉਸ ਦਾ ਆਪਣੇ ਸੌਤੇਲੇ ਬੱਚੇ ਮਦਨ ਨਾਲ ਕੀਤਾ ਗਿਆ ਕਠੋਰ, ਅਮਾਨਵੀ ਅਤੇ ਤਿਰਸਕਾਰ-ਪੂਰਨ ਵਿਹਾਰ ਕੇਵਲ ਇੱਕ ਘਰੇਲੂ ਬੁਰਾਈ ਨਹੀਂ ਰਹਿੰਦਾ, ਸਗੋਂ ਕਰਮਕ ਦ੍ਰਿਸ਼ਟੀ ਤੋਂ ਉਸ ਦੇ ਨੈਤਿਕ ਪਤਨ ਅਤੇ ਅੰਤਿਮ ਵਿਨਾਸ਼ ਦਾ ਮੂਲ ਕਾਰਨ ਬਣਦਾ ਹੈ। ਉਸ ਦੀ ਆਪਣੀ ਅਸਲ ਔਲਾਦ ਦਾ ਨਾਸ਼ ਅਤੇ ਅੰਤ ਵਿੱਚ ਉਸ ਦੀ ਇਕੱਲੀ, ਤੜਪਦੀ ਹੋਈ ਮੌਤ ਇਸ ਗੱਲ ਨੂੰ ਸਾਬਤ ਕਰਦੀ ਹੈ ਕਿ ਬੁਰੇ, ਅਨੈਤਿਕ ਅਤੇ ਹਿੰਸਕ ਕਰਮ ਆਪਣੇ ਕਰਤਾ ਨੂੰ ਖ਼ੁਦ ਵਿਨਾਸ਼ ਵੱਲ ਲੈ ਜਾਂਦੇ ਹਨ। ਇਸ ਦੇ ਉਲਟ ਮਦਨ ਪਾਤਰ ਦੁੱਖ, ਅਨਿਆਂ, ਤਿਰਸਕਾਰ ਸਹਿਣ ਦੇ ਬਾਵਜੂਦ ਆਪਣੀ ਮਿਹਨਤ, ਸਹਿਣਸ਼ੀਲਤਾ, ਇਮਾਨਦਾਰੀ ਅਤੇ ਨੈਤਿਕ ਦ੍ਰਿੜ੍ਹਤਾ ਨਾਲ ਉੱਚੀ ਸਿੱਖਿਆ ਪ੍ਰਾਪਤ ਕਰਕੇ ਬੈਰਿਸਟਰ ਬਣਦਾ ਹੈ, ਸਮਾਜਿਕ ਮਾਣ ਹਾਸਲ ਕਰਦਾ ਹੈ। ਇਸ ਤਰ੍ਹਾਂ ਨਾਵਲ ਵਿੱਚ "ਅੰਤ ਭਲੇ ਦਾ ਭਲਾ ਅਤੇ ਬੁਰੇ ਦਾ ਬੁਰਾ" ਵਾਲੀ ਭਾਰਤੀ ਨੈਤਿਕ-ਦਾਰਸ਼ਨਿਕ ਧਾਰਨਾ ਸਪਸ਼ਟ ਰੂਪ ਵਿੱਚ ਪ੍ਰਤੀਫਲਿਤ ਹੁੰਦੀ ਹੈ। ਕਰਮ ਫਲ਼ ਦਾ ਇਹ ਨਿਆਂ ਸਿੱਧਾ ਅਤੇ ਤੁਰੰਤ ਨਹੀਂ, ਸਗੋਂ ਕਥਾ ਦੇ ਵਿਕਾਸ ਦੇ ਅਨੁਸਾਰ ਇੱਕ ਨੈਤਿਕ ਤਰਕਸੰਗਤਾ ਨਾਲ ਪੇਸ਼ ਹੁੰਦਾ ਹੈ

ਇਸੇ ਤਰ੍ਹਾਂ 'ਮਿੱਠਾ ਮਹੁਰਾ' ਨਾਵਲ ਵਿੱਚ ਦੂਜੇ ਵਿਆਹ ਦੀ ਸੰਸਥਾ ਨੂੰ 'ਮਿੱਠਾ ਜ਼ਹਿਰ' ਦੇ ਪ੍ਰਤੀਕ ਰਾਹੀਂ ਪੇਸ਼ ਕੀਤਾ ਗਿਆ ਹੈ। ਦਲੀਪ ਕੌਰ ਦਾ ਵਿਭਚਾਰੀ, ਧੋਖੇਬਾਜ਼ ਅਤੇ ਅਨੈਤਿਕ ਜੀਵਨ ਉਸ ਦੀ ਅਪਮਾਨਜਨਕ ਅਤੇ ਦੁਖਦਾਈ ਮੌਤ ਦਾ ਕਾਰਨ ਬਣਦਾ ਹੈ, ਜੋ ਕਰਮ-ਵਾਦ ਦੇ ਨੈਤਿਕ ਨਿਆਂ ਨੂੰ ਦਰਸਾਉਂਦਾ ਹੈ। ਇਸ ਦੇ ਵਿਰੁੱਧ ਸ਼ਕੁੰਤਲਾ ਦਾ ਪਾਤਰ ਤਿਆਗ, ਸਹਿਣਸ਼ੀਲਤਾ, ਸਬਰ, ਪਤੀਵਰਤਾ ਅਤੇ ਨਿਰਲੇਪਤਾ ਭਾਵ ਦੇ ਗੁਣਾਂ ਨਾਲ ਭਰਪੂਰ ਹੈ। ਉਸ ਨੂੰ ਅੰਤ ਵਿੱਚ ਸੱਚੇ ਪਿਆਰ, ਸੰਤਾਨ ਦੀ ਪ੍ਰਾਪਤੀ, ਸਮਾਜਿਕ ਸਤਿਕਾਰ ਅਤੇ ਮਾਨਸਿਕ ਸ਼ਾਂਤੀ ਦੀ ਪ੍ਰਾਪਤੀ ਹੁੰਦੀ ਹੈ। ਇੱਥੇ ਨਾਨਕ ਸਿੰਘ ਕਰਮ-ਵਾਦ ਨੂੰ ਸਮਾਜਿਕ ਨੈਤਿਕਤਾ, ਔਰਤ ਦੀ ਆਤਮਿਕ ਸ਼ਕਤੀ ਅਤੇ ਪਰਿਵਾਰਕ ਮੁੱਲਾਂ ਨਾਲ ਜੋੜ ਕੇ ਪੇਸ਼ ਕਰਦੇ ਹਨ, ਜਿਸ ਅਨੁਸਾਰ ਔਰਤ ਦੀ ਨੈਤਿਕ ਦ੍ਰਿੜ੍ਹਤਾ ਉਸ ਦੀ ਆਤਮਿਕ ਸ਼ਕਤੀ ਅਤੇ ਅਟੱਲ ਸਫਲਤਾ ਦਾ ਸਾਧਨ ਬਣ ਜਾਂਦੀ ਹੈ।

ਨਸ਼ਾਖੋਰੀ ਨੂੰ ਵੀ ਨਾਨਕ ਸਿੰਘ ਨੈਤਿਕ ਪਤਨ ਅਤੇ ਪਰਿਵਾਰਕ ਵਿਘਟਨ ਦੇ ਰੂਪ ਵਿੱਚ ਵੇਖਦੇ ਹਨ। 'ਪ੍ਰੇਮ ਸੰਗੀਤ' ਨਾਵਲ ਵਿੱਚ ਦਿਆਲ ਸਿੰਘ ਦੀ ਨਸ਼ੇ ਦੀ ਆਦਤ ਉਸ ਦੇ ਪਰਿਵਾਰਕ ਜੀਵਨ, ਆਰਥਿਕ ਸਥਿਤੀ ਅਤੇ ਸਮਾਜਿਕ ਪਛਾਣ ਨੂੰ ਤਬਾਹ ਕਰ ਦਿੰਦੀ ਹੈ। ਪਤਨੀ ਅਤੇ ਧੀ ਦਾ ਘਰੋਂ ਨਿਕਾਲਿਆ ਜਾਣਾ ਉਸ ਦੇ ਗ਼ਲਤ ਕਰਮਾਂ ਦਾ ਸਿੱਧਾ ਅਤੇ ਤੁਰੰਤ ਨਤੀਜਾ ਹੈ। ਪਰ ਜਿਵੇਂ ਹੀ ਗ਼ਲਤਫ਼ਹਿਮੀਆਂ ਦੂਰ ਹੁੰਦੀਆਂ ਹਨ, ਅਨੁਤਾਪ ਜਾਗਦਾ ਹੈ, ਨਸ਼ੇ ਤੋਂ ਮੁਕਤੀ ਦਾ ਸੰਘਰਸ਼ ਸ਼ੁਰੂ ਹੁੰਦਾ ਹੈ ਅਤੇ ਪਛਤਾਵਾ ਜਨਮ ਲੈਂਦਾ ਹੈ, ਤਾਂ ਜੀਵਨ ਮੁੜ ਸੰਤੁਲਨ, ਮੇਲ-ਮਿਲਾਪ ਅਤੇ ਆਸ਼ਾ ਵੱਲ ਵਧਦਾ ਹੈ। ਇਸ ਤਰ੍ਹਾਂ ਨਾਵਲ ਕਰਮ-ਵਾਦ ਨੂੰ ਸਿਰਫ਼ ਸਜ਼ਾਵਾਦੀ ਜਾਂ ਨਿਆਂ-ਕੇਂਦਰਿਤ ਨਹੀਂ, ਸਗੋਂ ਸੁਧਾਰਕ, ਪ੍ਰਾਸਚਿਤ-ਕੇਂਦਰਿਤ ਅਤੇ ਮੁੜ-ਸਥਾਪਨਾ ਦੇ ਦਾਰਸ਼ਨਿਕ ਵਜੋਂ ਪੇਸ਼ ਕਰਦਾ ਹੈ। 'ਕਾਲ ਚੱਕਰ' ਵਿੱਚ ਰਾਮ ਲੁਭਾਇਆ ਪਾਤਰ ਨਸ਼ੇ ਦੀ ਆਦਤ ਕਾਰਨ ਦੁੱਖਾਂ, ਕਰਜ਼ੇ, ਧੋਖੇ ਅਤੇ ਅਲੱਗ-ਥਲੱਗਪਣ ਦੇ ਇੱਕ ਅੰਤਹੀਣ ਚੱਕਰ ਵਿੱਚ ਫਸ ਜਾਂਦਾ ਹੈ, ਪਰ ਆਤਮਿਕ ਜਾਗਰੂਕਤਾ, ਨੈਤਿਕ ਤਬਦੀਲੀ (ਕਾਇਆ-ਕਲਪ) ਅਤੇ ਪਰਿਵਾਰ ਦੇ ਪਿਆਰ-ਸਹਾਰੇ ਰਾਹੀਂ ਉਸ ਦਾ ਪਰਿਵਾਰਕ ਮਿਲਾਪ ਅਤੇ ਸਮਾਜਿਕ ਪੁਨਰ-ਸਥਾਪਨਾ ਸੰਭਵ ਹੁੰਦੀ ਹੈ। ਇਹ ਕਰਮ-ਵਾਦ ਦੀ ਮਨੁੱਖੀ, ਆਸ਼ਾਵਾਦੀ ਅਤੇ ਸੁਧਾਰਵਾਦੀ ਵਿਆਖਿਆ ਹੈ।

ਨਾਨਕ ਸਿੰਘ ਦੇ ਨਾਵਲ 'ਚਿੱਟਾ ਲਹੂ' ਵਿੱਚ ਕਰਮ-ਵਾਦ ਸਭ ਤੋਂ ਵਿਸਤ੍ਰਿਤ, ਜਟਿਲ ਅਤੇ ਗੰਭੀਰ ਰੂਪ ਵਿੱਚ ਸਾਹਮਣੇ ਆਉਂਦਾ ਹੈ। ਇਸ ਨਾਵਲ ਵਿੱਚ ਕਰਮ ਨਿਆਂ ਸਿਰਫ਼ ਵਿਅਕਤੀਗਤ ਪੱਧਰ ਤੱਕ ਸੀਮਿਤ ਨਹੀਂ ਰਹਿੰਦਾ, ਸਗੋਂ ਸਮਾਜਿਕ, ਰਾਜਨੀਤਿਕ, ਧਾਰਮਿਕ ਅਤੇ ਸੰਸਥਾਗਤ ਪੱਧਰ 'ਤੇ ਵੀ ਕਾਰਜਸ਼ੀਲ ਹੈ। ਪੰਡਿਤ ਰਾਧੇ ਕ੍ਰਿਸ਼ਨ ਦਾ ਪਾਤਰ ਧਾਰਮਿਕ ਪਖੰਡ, ਲਾਲਚ, ਭ੍ਰਿਸ਼ਟਾਚਾਰ ਅਤੇ ਸ਼ੋਸ਼ਣ ਦਾ ਪ੍ਰਤੀਕ ਹੈ, ਜਿਸ ਦਾ ਅੰਤ ਨੈਤਿਕ, ਸਮਾਜਿਕ ਅਤੇ ਆਰਥਿਕ ਵਿਨਾਸ਼ ਵਿੱਚ ਹੁੰਦਾ ਹੈ। ਇਸ ਦੇ ਵਿਰੁੱਧ ਗ਼ਫ਼ੂਰ (ਮੁਸਲਿਮ ਮੋਚੀ) ਅਤੇ ਉਸ ਦੀ ਮਾਂ ਦੀ ਮਨੁੱਖਤਾ, ਨਿਰਲੋਭ ਸੇਵਾ,

ਸਚਾਈ ਅਤੇ ਨਿਰਭੈਤਾ ਉਨ੍ਹਾਂ ਨੂੰ ਸਮਾਜਿਕ ਸਤਿਕਾਰ, ਆਤਮਿਕ ਸੰਤੁਸ਼ਟੀ ਅਤੇ ਨੈਤਿਕ ਜਿੱਤ ਦਿਵਾਉਂਦੀ ਹੈ। ਬਚਨ ਸਿੰਘ ਦਾ ਪਾਤਰ, ਜੋ ਗੁਰਦੁਆਰਾ ਸੁਧਾਰ ਲਹਿਰ ਅਤੇ ਛੂਤਛਾਤ ਦੇ ਵਿਰੁੱਧ ਅਹਿੰਸਕ ਸੰਘਰਸ਼ ਦੀ ਖ਼ਾਤਰ ਫਾਂਸੀ ਚੜ੍ਹਦਾ ਹੈ, ਭਗਵਦ ਗੀਤਾ ਦੇ ਨਿਸ਼ਕਾਮ ਕਰਮ, ਤਿਆਗ ਅਤੇ ਧਰਮ-ਯੁੱਧ ਦਾ ਜੀਵੰਤ ਪ੍ਰਤੀਕ ਹੈ। ਉਸ ਦੀ ਸ਼ਹੀਦੀ ਕਰਮਕ ਹਾਰ ਨਹੀਂ, ਸਗੋਂ ਨੈਤਿਕ, ਆਦਰਸ਼ਕ ਜਿੱਤ ਬਣ ਕੇ ਉੱਭਰਦੀ ਹੈ ਅਤੇ ਸਮਾਜ ਲਈ ਇੱਕ ਨਵੀਂ ਚੇਤਨਾ ਦਾ ਸੰਕਲਪ ਬਣਦੀ ਹੈ। ਇਸ ਨਾਵਲ ਵਿੱਚ ਕਰਮ ਦੀ ਪ੍ਰਕਿਰਿਆ ਵਿਅਕਤੀ ਤੋਂ ਸਮੂਹ, ਫਿਰ ਸਮੂਹ ਤੋਂ ਇਤਿਹਾਸਕ ਪਰਿਵਰਤਨ ਦੇ ਸੰਦਰਭ ਵਿੱਚ ਵਿਕਸਿਤ ਹੁੰਦੀ ਹੈ।

ਪਾਤਰ-ਨਿਰਮਾਣ ਦੇ ਪੱਧਰ ‘ਤੇ ਨਾਨਕ ਸਿੰਘ ਕਰਮ-ਫਲ਼ ਦੇ ਸਿਧਾਂਤ ਨੂੰ ਇੱਕ ਨਾਟਕੀ, ਮਨੋਵਿਗਿਆਨਕ ਅਤੇ ਕਲਾਤਮਕ ਉਪਕਰਨ ਵਜੋਂ ਵਰਤਦੇ ਹਨ। ਉਨ੍ਹਾਂ ਦੇ ਨਾਵਲਾਂ ਵਿੱਚ ਆਦਰਸ਼ਕ, ਦੁਖਾਂਤਕ ਅਤੇ ਖਲਨਾਇਕ ਪਾਤਰਾਂ ਦੀ ਸਿਰਜਣਾ ਅਤੇ ਵਿਕਾਸ ਉਨ੍ਹਾਂ ਦੇ ਕਰਮਾਂ, ਚੋਣਾਂ ਅਤੇ ਨੈਤਿਕ ਪੱਧਰ ਦੇ ਅਨੁਸਾਰ ਹੁੰਦਾ ਹੈ। ਆਦਰਸ਼ਕ ਪਾਤਰ-ਜਿਵੇਂ ਬਚਨ ਸਿੰਘ (‘ਚਿੱਟਾ ਲਹੂ’), ਮੋਹਨ (‘ਫ਼ੌਲਾਦੀ ਫੁੱਲ’), ਸੁੰਦਰ ਦਾਸ (‘ਪਿਆਰ ਦੀ ਦੁਨੀਆ’)- ਤਿਆਗ, ਸੇਵਾ, ਨਿਸ਼ਕਾਮਤਾ, ਸਚਾਈ ਅਤੇ ਨੈਤਿਕ ਦ੍ਰਿੜ੍ਹਤਾ ਦੇ ਪ੍ਰਤੀਕ ਹਨ। ਦੁਖਾਂਤਕ ਪਾਤਰ (ਜਿਵੇਂ ਗੁਰਦੇਈ, ਸਰੋਜ) ਆਪਣੀ ਅਸਥਿਰਤਾ, ਸਮਾਜਿਕ ਦਬਾਅ, ਨਿੱਜੀ ਕਮਜ਼ੋਰੀਆਂ ਜਾਂ ਭਾਗ-ਦੋਸ਼ ਕਾਰਨ ਦੁੱਖ ਭੋਗਦੇ ਹਨ, ਪਰ ਉਨ੍ਹਾਂ ਦਾ ਦੁੱਖ ਨਿਰਾਸ਼ਾ ਨਹੀਂ, ਸਗੋਂ ਸਮਾਜਿਕ ਆਲੋਚਨਾ ਅਤੇ ਸੁਹਿਰਦਤਾ ਪੈਦਾ ਕਰਦਾ ਹੈ। ਜਦਕਿ ਖਲਨਾਇਕ ਪਾਤਰ (ਪੰਡਿਤ ਰਾਧੇ ਕ੍ਰਿਸ਼ਨ, ਦਿਆਲੀ, ਦਲੀਪ ਕੌਰ) ਆਪਣੇ ਸੁਆਰਥੀ, ਹਿੰਸਕ, ਧੋਖੇਬਾਜ਼ ਅਤੇ ਅਨੈਤਿਕ ਕਰਮਾਂ ਕਾਰਨ ਅੰਤ ਵਿੱਚ ਨੈਤਿਕ, ਸਮਾਜਿਕ ਅਤੇ ਕਈ ਵਾਰ ਸਰੀਰਕ ਵਿਨਾਸ਼ ਵੱਲ ਵਧਦੇ ਹਨ। ਇਸ ਤਰ੍ਹਾਂ ਪਾਤਰਾਂ ਦੀ ਹੋਂਦ, ਉਨ੍ਹਾਂ ਦਾ ਚਰਿੱਤਰ, ਭਾਗ ਅਤੇ ਅੰਤ ਸਾਰੇ ਕਰਮਕ ਨਿਆਂ ਨਾਲ ਅਟੁੱਟ ਤੌਰ ‘ਤੇ ਜੁੜੇ ਰਹਿੰਦੇ ਹਨ, ਜਿਸ ਨਾਲ ਕਥਾ ਵਿੱਚ ਇੱਕ ਨੈਤਿਕ ਤਰਕਸੰਗਤਾ ਅਤੇ ਨਿਆਇਕ ਸੰਤੁਲਨ ਕਾਇਮ ਰਹਿੰਦਾ ਹੈ।

ਇਸ ਤਰ੍ਹਾਂ ਨਾਨਕ ਸਿੰਘ ਦੇ ਨਾਵਲਾਂ ਵਿੱਚ ਕਰਮ-ਵਾਦ ਸਿਰਫ਼ ਦਾਰਸ਼ਨਿਕ ਪਿਛੋਕੜ ਜਾਂ ਧਾਰਮਿਕ ਵਿਸ਼ਵਾਸ ਨਹੀਂ, ਸਗੋਂ ਕਥਾ-ਵਿਕਾਸ, ਨੈਤਿਕਤਾ, ਪਾਤਰ-ਨਿਰਮਾਣ ਅਤੇ ਸਮਾਜਿਕ ਆਲੋਚਨਾ ਦਾ ਕੇਂਦਰੀ ਸਿਧਾਂਤ ਅਤੇ ਅਧਾਰ ਹੈ। ਉਹ ਪਾਠਕ ਨੂੰ ਇਹ ਅਹਿਸਾਸ ਦਿਵਾਉਂਦੇ ਹਨ ਕਿ ਮਨੁੱਖ ਆਪਣੇ ਕਰਮਾਂ, ਚੋਣਾਂ ਅਤੇ ਨੈਤਿਕ ਪੱਧਰ ਲਈ ਆਪ ਹੀ ਜ਼ਿੰਮੇਵਾਰ ਹੈ ਅਤੇ ਸਮਾਜਿਕ ਸੁਧਾਰ ਦੀ ਸ਼ੁਰੂਆਤ ਵਿਅਕਤੀਗਤ ਨੈਤਿਕ ਤਬਦੀਲੀ, ਆਤਮ-ਸੁਧਾਰ ਅਤੇ ਜ਼ਿੰਮੇਵਾਰ ਕਰਮਾਂ ਨਾਲ ਹੁੰਦੀ ਹੈ।

## 2. ਧਰਮ ਨਿਰਪੱਖਤਾ, ਮਾਨਵੀ ਭਾਈਚਾਰਾ ਅਤੇ ਰਾਸ਼ਟਰੀ ਚੇਤਨਾ

ਭਾਰਤੀ ਦਰਸ਼ਨ ਵਿੱਚ ਧਰਮ ਨਿਰਪੱਖਤਾ ਇੱਕ ਵਿਸ਼ਾਲ, ਸੰਤੁਲਿਤ ਅਤੇ ਨੈਤਿਕ ਧਾਰਨਾ ਹੈ ਜਿਸ ਵਿੱਚ ਸਾਰੇ ਧਰਮਾਂ ਦਾ ਸਤਿਕਾਰ, ਧਾਰਮਿਕ ਬਹੁਲਤਾ ਵਿੱਚ ਏਕਤਾ, ਸਹਿਣਸ਼ੀਲਤਾ, ਸਰਵ-ਧਰਮ-ਸਦਭਾਵ ਅਤੇ ਮਾਨਵਤਾ ਦੀ ਪ੍ਰਧਾਨਤਾ ਸ਼ਾਮਲ ਹੈ। ਅਨੁਸਾਰ ਪਰਮ ਸੱਚ ਇੱਕ ਹੈ, ਭਾਵੇਂ ਉਸ ਦੀਆਂ ਅਭਿਵਿਅਕਤੀਆਂ, ਨਾਮ-ਰੂਪ, ਰਸਮਾਂ ਅਤੇ ਮਾਰਗ ਵੱਖ-ਵੱਖ ਹੋ ਸਕਦੇ ਹਨ। ਨਾਨਕ ਸਿੰਘ ਦੇ ਨਾਵਲ ਇਸ ਭਾਰਤੀ ਦਾਰਸ਼ਨਿਕ ਪਰੰਪਰਾ ਨੂੰ ਪੰਜਾਬੀ ਸਮਾਜ ਦੇ ਯਥਾਰਥਕ, ਰੋਜ਼ਮਰ੍ਹਾ ਜੀਵਨ, ਰਾਸ਼ਟਰੀ ਸੰਘਰਸ਼ ਅਤੇ ਸਮਾਜਿਕ ਸੁਧਾਰ ਦੇ ਸੰਦਰਭ ਵਿੱਚ ਜੋੜ ਕੇ ਪੇਸ਼ ਕਰਦੇ ਹਨ। ਉਨ੍ਹਾਂ ਦੀ ਧਰਮ ਨਿਰਪੱਖਤਾ ਕਿਸੇ ਧਾਰਮਿਕ ਪਛਾਣ ਦੇ ਨਾਸ਼ ਜਾਂ ਉਸ ਦੀ ਉਪੇਕਸ਼ਾ ਦਾ ਸੁਨੇਹਾ ਨਹੀਂ ਦਿੰਦੀ, ਸਗੋਂ ਵੱਖ-ਵੱਖ ਧਾਰਮਿਕ, ਸਭਿਆਚਾਰਕ ਸਮੂਹਾਂ ਵਿਚਕਾਰ ਪ੍ਰੇਮ, ਸਹਿਯੋਗ, ਆਪਸੀ ਸਹਾਇਤਾ, ਸਾਂਝੀ ਨੈਤਿਕਤਾ ਅਤੇ ਰਾਸ਼ਟਰੀ ਏਕਤਾ ਦੀ ਸਥਾਪਨਾ ਕਰਦੀ ਹੈ। ਇਸੇ ਕਰਕੇ ਉਨ੍ਹਾਂ ਦੇ ਨਾਵਲਾਂ ਵਿੱਚ ਧਰਮ ਮਨੁੱਖਤਾ, ਨਿਆਂ ਅਤੇ ਸਦਭਾਵਨਾ ਦੇ ਅਧੀਨ ਹੋ ਜਾਂਦਾ ਹੈ ਅਤੇ ਮਾਨਵ-ਮੁੱਲ ਸਭ ਤੋਂ ਉੱਚੇ, ਸਰਵ-ਸਵੀਕਾਰਯੋਗ ਸਥਾਨ ‘ਤੇ ਆ ਜਾਂਦੇ ਹਨ।

ਨਾਨਕ ਸਿੰਘ ਦਾ ਨਾਵਲ 'ਚਿੱਟਾ ਲਹੂ' ਧਰਮ ਨਿਰਪੱਖਤਾ, ਮਾਨਵੀ ਭਾਈਚਾਰੇ ਅਤੇ ਅੰਤਰ-ਧਾਰਮਿਕ ਸਦਭਾਵ ਦਾ ਸਭ ਤੋਂ ਪ੍ਰਬਲ ਅਤੇ ਪ੍ਰਭਾਵਸ਼ਾਲੀ ਉਦਾਹਰਨ ਹੈ। ਇਸ ਨਾਵਲ ਵਿੱਚ ਮੁਸਲਮਾਨ ਪਾਤਰ ਗ਼ਫ਼ੂਰ (ਮੋਚੀ) ਅਤੇ ਉਸ ਦੀ ਬੁੱਢੀ ਮਾਂ ਹਿੰਦੂ ਔਰਤ ਗੁਰਦੇਈ ਦੀ ਬਿਮਾਰ, ਬੇਸਹਾਰਾ ਅਵਸਥਾ ਵਿੱਚ ਨਿਰਸਵਾਰਥ, ਮਮਤਾ ਭਰੀ ਸੇਵਾ ਕਰਦੇ ਹਨ ਅਤੇ ਉਸ ਦੇ ਧਾਰਮਿਕ ਵਿਸ਼ਵਾਸਾਂ, ਰਸਮਾਂ (ਜਿਵੇਂ ਗੰਗਾ-ਜਲ ਦੀ ਇੱਛਾ) ਦਾ ਪੂਰਾ ਸਤਿਕਾਰ ਕਰਦੇ ਹਨ। ਇਹ ਸੇਵਾ ਕਿਸੇ ਧਾਰਮਿਕ ਲਾਲਚ, ਪਰਿਵਰਤਨ ਦੀ ਇੱਛਾ ਜਾਂ ਦਾਨ-ਪੁੰਨ ਦੀ ਭਾਵਨਾ ਤੋਂ ਪ੍ਰੇਰਿਤ ਨਹੀਂ, ਸਗੋਂ ਸਹਿਜ ਮਨੁੱਖਤਾ, ਕਰੁਣਾ ਅਤੇ ਸਾਂਝੀ ਮਨੁੱਖੀ ਤ੍ਰਾਸਦੀ ਦੇ ਆਧਾਰ 'ਤੇ ਕੀਤੀ ਜਾਂਦੀ ਹੈ। ਇਸ ਦੇ ਵਿਰੁੱਧ ਪੰਡਿਤ ਰਾਧੇ ਕ੍ਰਿਸ਼ਨ ਦਾ ਪਾਤਰ ਧਾਰਮਿਕ ਪਖੰਡ, ਕਪਟ, ਲਾਲਚ ਅਤੇ ਸੰਕੀਰਨਤਾ ਦਾ ਪ੍ਰਤੀਕ ਹੈ, ਜੋ ਬਾਹਰੋਂ ਧਾਰਮਿਕ ਸੁੱਚਤਾ, ਪਵਿੱਤਰਤਾ ਅਤੇ ਜਾਤੀ-ਗੌਰਵ ਦਾ ਢੌਂਗ ਕਰਦਾ ਹੈ ਪਰ ਅੰਦਰੋਂ ਲਾਲਚੀ, ਅਨੈਤਿਕ ਅਤੇ ਇੱਕ ਮਨੁੱਖ ਦੇ ਰੂਪ ਵਿੱਚ ਗੁਰਦੇਈ ਨੂੰ ਵੇਚਣ ਵਰਗੇ ਜ਼ੁਲਮ ਦਾ ਦੋਸ਼ੀ ਹੈ। ਗੁਰਦੇਈ ਨੂੰ ਵੇਚਣ ਦੀ ਘਟਨਾ ਰਾਹੀਂ ਲੇਖਕ ਇਹ ਸਪਸ਼ਟ ਕਰ ਦਿੰਦਾ ਹੈ ਕਿ ਸੱਚਾ ਧਰਮ ਕਰਮ, ਮਨੁੱਖਤਾ, ਨਿਆਂ ਅਤੇ ਸੇਵਾ ਵਿੱਚ ਹੈ, ਨਾ ਕਿ ਬਾਹਰੀ ਰਸਮਾਂ, ਜਾਤੀ-ਗੌਰਵ ਅਤੇ ਉਪਦੇਸ਼ਾਂ ਵਿੱਚ। ਇਸ ਤਰ੍ਹਾਂ ਨਾਨਕ ਸਿੰਘ ਧਰਮ ਨਿਰਪੱਖਤਾ ਨੂੰ ਇੱਕ ਨੈਤਿਕ ਮਾਪਦੰਡ, ਸਮਾਜਿਕ ਕਸੌਟੀ ਅਤੇ ਮਨੁੱਖੀ ਪਛਾਣ ਦੇ ਰੂਪ ਵਿੱਚ ਪੇਸ਼ ਕਰਦੇ ਹਨ।

'ਪਿਆਰ ਦੀ ਦੁਨੀਆ' ਨਾਵਲ ਵਿੱਚ ਧਰਮ ਨਿਰਪੱਖਤਾ ਮਿੱਤਰਤਾ, ਸਾਂਝੇ ਸਮਾਜਿਕ-ਰਾਸ਼ਟਰੀ ਸੰਘਰਸ਼ ਅਤੇ ਯੁਵਾ-ਚੇਤਨਾ ਦੇ ਰੂਪ ਵਿੱਚ ਸਾਹਮਣੇ ਆਉਂਦੀ ਹੈ। ਪ੍ਰੀਤਮ (ਸਿੱਖ), ਸੁੰਦਰ ਦਾਸ (ਹਿੰਦੂ) ਅਤੇ ਸਾਦਿਕ (ਮੁਸਲਮਾਨ) ਦੀ ਤਿੱਕੜੀ ਦੀ ਦੋਸਤੀ ਕੇਵਲ ਨਿੱਜੀ ਨਹੀਂ, ਸਗੋਂ ਭਾਰਤੀ ਮਾਨਵੀ ਭਾਈਚਾਰੇ, ਬਹੁ-ਸਭਿਆਚਾਰਕ ਏਕਤਾ ਅਤੇ ਰਾਸ਼ਟਰੀ ਏਕਤਾ ਦਾ ਪ੍ਰਤੀਕ ਬਣ ਜਾਂਦੀ ਹੈ। ਇਹ ਤਿੰਨੇ ਪਾਤਰ ਫ਼ਿਰਕੂ ਨੇਤਾਵਾਂ, ਸੰਪਰਦਾਇਕ ਸਿਆਸਤਦਾਨਾਂ ਅਤੇ ਧਾਰਮਿਕ ਉਨਮਾਦ ਦੀ ਜੁਸ਼ੀਲੀ, ਵੰਡ ਪੈਦਾ ਕਰਨ ਵਾਲੀ ਅਤੇ ਸਵਾਰਥ-ਕੇਂਦਰਿਤ ਸਿਆਸਤ ਦਾ ਸੰਯੁਕਤ ਰੂਪ ਵਿੱਚ ਵਿਰੋਧ ਕਰਦੇ ਹਨ ਅਤੇ ਗਾਂਧੀਵਾਦੀ ਅਹਿੰਸਾ, ਸੱਤਿਆਗ੍ਰਹਿ ਅਤੇ ਰਾਸ਼ਟਰੀ ਇਕੱਤਰਤਾ ਦੇ ਰਾਹ 'ਤੇ ਚੱਲ ਕੇ ਦੇਸ਼-ਭਗਤੀ ਨੂੰ ਮਨੁੱਖੀ ਸੇਵਾ, ਸਮਾਜਿਕ ਨਿਆਂ ਅਤੇ ਸਾਂਸਕ੍ਰਿਤਿਕ ਸਦਭਾਵ ਨਾਲ ਜੋੜਦੇ ਹਨ। ਇਸ ਨਾਵਲ ਵਿੱਚ ਧਰਮ ਨਿਰਪੱਖਤਾ ਸਿਰਫ਼ ਨਕਾਰਾਤਮਿਕ ਸਹਿਣਸ਼ੀਲਤਾ ਨਹੀਂ ਰਹਿੰਦੀ, ਸਗੋਂ ਇੱਕ ਸਰਗਰਮ, ਸਕਾਰਾਤਮਿਕ, ਰਚਨਾਤਮਿਕ ਰਾਸ਼ਟਰੀ ਕਰਤੱਵ ਅਤੇ ਨੈਤਿਕ ਜ਼ਿੰਮੇਵਾਰੀ ਬਣ ਜਾਂਦੀ ਹੈ, ਜੋ ਸਮਾਜ ਨੂੰ ਟੁੱਟਣ, ਵੰਡਣ ਅਤੇ ਹਿੰਸਕ ਟਕਰਾਅ ਤੋਂ ਬਚਾਉਂਦੀ ਹੈ।

ਨਾਨਕ ਸਿੰਘ ਦੇ ਨਾਵਲਾਂ ਵਿੱਚ ਰਾਸ਼ਟਰੀ ਚੇਤਨਾ ਭਾਰਤੀ ਗਿਆਨ-ਪਰੰਪਰਾ ਦੇ ਅਹਿੰਸਕ, ਨੈਤਿਕ ਅਤੇ ਸਮਨਵਈ ਆਦਰਸ਼ਾਂ ਨਾਲ ਗਹਿਰਾਈ ਨਾਲ ਜੁੜੀ ਹੋਈ ਹੈ। ਉਨ੍ਹਾਂ ਲਈ ਰਾਸ਼ਟਰੀਅਤਾ ਦਾ ਅਰਥ ਸਿਰਫ਼ ਬ੍ਰਿਟਿਸ਼ ਸਾਮਰਾਜ ਤੋਂ ਰਾਜਨੀਤਿਕ ਆਜ਼ਾਦੀ ਨਹੀਂ, ਸਗੋਂ ਸਮਾਜਿਕ ਏਕਤਾ, ਨੈਤਿਕ ਉੱਚਤਾ, ਸਭਿਆਚਾਰਕ ਗਰਿਮਾ, ਸਮਾਨਤਾ, ਨਿਆਂ ਅਤੇ ਸਾਂਝੀ ਮਨੁੱਖੀ ਭਲਾਈ ਹੈ। 'ਚਿੱਟਾ ਲਹੂ' ਵਿੱਚ ਗੁਰਦੁਆਰਾ ਸੁਧਾਰ ਲਹਿਰ ਅਤੇ ਛੂਤਛਾਤ ਦੇ ਵਿਰੁੱਧ ਅਹਿੰਸਕ ਸੰਘਰਸ਼ ਰਾਸ਼ਟਰੀ ਨੈਤਿਕਤਾ ਅਤੇ ਸਮਾਜਿਕ ਕ੍ਰਾਂਤੀ ਦਾ ਪ੍ਰਗਟਾਵਾ ਹੈ। ਬਚਨ ਸਿੰਘ ਦਾ ਅਹਿੰਸਕ, ਤਿਆਗ-ਭਰਿਆ ਸੰਘਰਸ਼ ਗੀਤਾ ਦੇ ਨਿਸ਼ਕਾਮ ਕਰਮ, ਧਰਮ-ਯੁੱਧ ਅਤੇ ਗਾਂਧੀਵਾਦੀ ਸੱਤਿਆਗ੍ਰਹਿ ਦੇ ਸੰਕਲਪਾਂ ਨਾਲ ਮੇਲ ਖਾਂਦਾ ਹੈ, ਜਿੱਥੇ ਸੱਚ, ਧਰਮ (ਨਿਆਂ) ਅਤੇ ਮਨੁੱਖਤਾ ਲਈ ਸਵੈ-ਬਲੀਦਾਨ (ਕੁਰਬਾਨੀ) ਨੂੰ ਸਭ ਤੋਂ ਵੱਡੀ ਦੇਸ਼-ਭਗਤੀ ਅਤੇ ਆਤਮਿਕ ਜਿੱਤ ਮੰਨਿਆ ਗਿਆ ਹੈ।

'ਫ਼ੌਲਾਦੀ ਫੁੱਲ' ਨਾਵਲ ਵਿੱਚ ਮੋਹਨ ਦਾ ਪਾਤਰ ਧਰਮ ਨਿਰਪੱਖਤਾ, ਰਾਸ਼ਟਰੀ ਏਕਤਾ ਅਤੇ ਸਮਾਜਿਕ ਸੁਧਾਰ ਦੀ ਚੇਤਨਾ ਦਾ ਸਾਂਝਾ ਪ੍ਰਤੀਕ ਹੈ। ਉਹ ਇੱਕ ਸਕੂਲ ਅਧਿਆਪਕ ਹੋਣ ਦੇ ਨਾਤੇ ਫ਼ਿਰਕੂ ਦੰਗਿਆਂ ਅਤੇ ਸੰਪਰਦਾਇਕ ਨਫ਼ਰਤ ਦੇ ਮਾਹੌਲ ਵਿੱਚ ਆਪਣੇ ਵਿਦਿਆਰਥੀਆਂ ਅਤੇ ਸਮੁਦਾਇ ਵਿੱਚ ਸਦਭਾਵ, ਸਹਿਣਸ਼ੀਲਤਾ ਅਤੇ ਇਨਸਾਨੀਅਤ ਦਾ ਪ੍ਰਚਾਰ-ਪ੍ਰਸਾਰ ਕਰਦਾ ਹੈ। ਉਸ ਦੇ ਸ਼ਾਂਤੀਪੂਰਨ, ਤਰਕਸੰਗਤ ਅਤੇ ਸੰਵਾਦਕ ਪ੍ਰਚਾਰ ਨਾਲ ਫ਼ਿਰਕੂ ਉਨਮਾਦ ਟਲ ਜਾਂਦਾ

ਹੈ ਅਤੇ ਸਮੁਦਾਇ ਵਿੱਚ ਸਦਭਾਵਨਾ ਕਾਇਮ ਰਹਿੰਦੀ ਹੈ। ਇੱਥੇ ਨਾਨਕ ਸਿੰਘ ਇਹ ਦਰਸਾਉਂਦੇ ਹਨ ਕਿ ਹਿੰਸਾ, ਨਫ਼ਰਤ ਅਤੇ ਵੰਡ ਸਮੱਸਿਆਵਾਂ ਦਾ ਹੱਲ ਨਹੀਂ, ਸਗੋਂ ਪ੍ਰੇਮ, ਸਹਿਣਸ਼ੀਲਤਾ, ਸਿੱਖਿਆ, ਨੈਤਿਕ ਦ੍ਰਿੜ੍ਹਤਾ ਅਤੇ ਆਪਸੀ ਸੰਵਾਦ ਹੀ ਸਮਾਜ ਨੂੰ ਟੁੱਟਣ ਤੋਂ ਬਚਾ ਸਕਦਾ ਹੈ ਅਤੇ ਉਸ ਨੂੰ ਅੱਗੇ ਵਧਾ ਸਕਦਾ ਹੈ। ਇਹ ਦ੍ਰਿਸ਼ਟੀ ਉਪਨਿਸ਼ਦੀ ਵਿਚਾਰ 'ਵਸੁਧੈਵ ਕੁਟੁੰਬਕਮ' (ਸਾਰੀ ਧਰਤੀ ਇੱਕ ਪਰਿਵਾਰ ਹੈ) ਅਤੇ ਗਾਂਧੀਵਾਦੀ ਰਾਸ਼ਟਰਵਾਦ ਨਾਲ ਸਿੱਧੀ ਤਰ੍ਹਾਂ ਜੁੜਦੀ ਹੈ।

ਨਾਨਕ ਸਿੰਘ ਧਾਰਮਿਕ ਅਤੇ ਫ਼ਿਰਕੂ ਨਫ਼ਰਤ ਫੈਲਾਉਣ ਵਾਲੇ, ਸੰਪਰਦਾਇਕ ਵਿਤਕਰੇ ਨੂੰ ਹਵਾ ਦੇਣ ਵਾਲੇ ਪਾਤਰਾਂ ਨੂੰ ਦੇਸ਼-ਧ੍ਰੋਹੀ, ਸਮਾਜ-ਦੁਸ਼ਮਣ ਅਤੇ ਮਨੁੱਖਤਾ ਦੇ ਵੈਰੀ ਵਜੋਂ ਪੇਸ਼ ਕਰਦੇ ਹਨ। 'ਪਿਆਰ ਦੀ ਦੁਨੀਆ' ਵਿੱਚ ਸੇਠ ਪ੍ਰਭਦਿਆਲ ਅਤੇ 'ਫ਼ੌਲਾਦੀ ਫੁੱਲ' ਵਿੱਚ ਉੱਤਮ ਸਿੰਘ ਵਰਗੇ ਪਾਤਰ ਧਰਮ, ਜਾਤੀ ਅਤੇ ਸਮੂਹ ਦੇ ਨਾਂ 'ਤੇ ਵੰਡ, ਨਫ਼ਰਤ ਅਤੇ ਹਿੰਸਾ ਪੈਦਾ ਕਰਦੇ ਹਨ, ਪਰ ਅੰਤ ਵਿੱਚ ਨੈਤਿਕ ਤੌਰ 'ਤੇ ਪਰਾਜਿਤ, ਇਕੱਲੇ ਅਤੇ ਬੇਇੱਜ਼ਤ ਹੋ ਜਾਂਦੇ ਹਨ। ਇਸ ਤਰ੍ਹਾਂ ਲੇਖਕ ਇਹ ਸਪਸ਼ਟ ਕਰਦਾ ਹੈ ਕਿ ਸੱਚੀ ਦੇਸ਼-ਭਗਤੀ, ਸੱਚਾ ਧਰਮ ਮਨੁੱਖਾਂ ਨੂੰ ਜੋੜਦਾ ਹੈ, ਤੋੜਦਾ ਨਹੀਂ; ਉਹਨਾਂ ਵਿੱਚ ਪਿਆਰ, ਸਹਿਣਸ਼ੀਲਤਾ ਅਤੇ ਸਹਿਯੋਗ ਪੈਦਾ ਕਰਦਾ ਹੈ, ਨਫ਼ਰਤ ਅਤੇ ਹਿੰਸਾ ਨਹੀਂ। ਇਹ ਸੋਚ ਭਾਰਤੀ ਸੁਤੰਤਰਤਾ ਸੰਘਰਸ਼ (1920-1947) ਦੇ ਸਮੇਂ ਦੀ ਉਸ ਰਾਸ਼ਟਰਵਾਦੀ ਚੇਤਨਾ ਨਾਲ ਜੁੜੀ ਹੋਈ ਹੈ, ਜਿਸ ਨੇ ਵੱਖ-ਵੱਖ ਧਰਮਾਂ, ਜਾਤੀਆਂ, ਭਾਸ਼ਾਵਾਂ ਅਤੇ ਕੌਮਾਂ ਨੂੰ ਇੱਕ ਝੰਡੇ ਹੇਠ, ਇੱਕ ਟੀਚੇ ਲਈ ਇਕੱਠਾ ਕੀਤਾ ਸੀ।

ਇਸ ਤਰ੍ਹਾਂ ਨਾਨਕ ਸਿੰਘ ਦੇ ਨਾਵਲਾਂ ਵਿੱਚ ਧਰਮ ਨਿਰਪੱਖਤਾ, ਮਾਨਵੀ ਭਾਈਚਾਰਾ ਅਤੇ ਰਾਸ਼ਟਰੀ ਚੇਤਨਾ ਇੱਕ ਦੂਜੇ ਤੋਂ ਵੱਖਰੇ ਨਹੀਂ, ਸਗੋਂ ਇੱਕ ਹੀ ਨੈਤਿਕ-ਦਾਰਸ਼ਨਿਕ ਦਰਸ਼ਨ ਦੇ ਤਿੰਨ ਅਵਿਭਾਜਿਤ ਪੱਖ ਹਨ। ਉਹ ਧਰਮ ਨੂੰ ਮਨੁੱਖਤਾ ਨਾਲ, ਮਨੁੱਖਤਾ ਨੂੰ ਰਾਸ਼ਟਰੀਅਤਾ ਨਾਲ, ਰਾਸ਼ਟਰੀਅਤਾ ਨੂੰ ਅਹਿੰਸਾ, ਨਿਆਂ ਅਤੇ ਸਮਾਜਿਕ ਸੁਧਾਰ ਨਾਲ ਜੋੜ ਕੇ ਇੱਕ ਅਜਿਹਾ ਸਾਹਿਤਕ-ਵਿਚਾਰਧਾਰਕ ਮਾਡਲ ਪੇਸ਼ ਕਰਦੇ ਹਨ, ਜੋ ਭਾਰਤੀ ਗਿਆਨ-ਪਰੰਪਰਾ ਨੂੰ ਆਧੁਨਿਕ ਪੰਜਾਬੀ ਸਮਾਜਿਕ-ਰਾਜਨੀਤਿਕ ਸੰਦਰਭ ਵਿੱਚ ਜੀਵੰਤ, ਕਾਰਗਰ, ਪ੍ਰਭਾਵਸ਼ਾਲੀ ਅਤੇ ਲੋਕ-ਪ੍ਰਿਅ ਬਣਾਉਂਦਾ ਹੈ।

## 3. ਨਾਰੀ ਚੇਤਨਾ, ਸਮਾਜਿਕ ਸੁਧਾਰ ਅਤੇ ਪ੍ਰਗਤੀਸ਼ੀਲ ਦ੍ਰਿਸ਼ਟੀ

ਭਾਰਤ ਵਿੱਚ ਨਾਰੀ ਨੂੰ ਸ਼ਕਤੀ (ਦੇਵੀ), ਤਿਆਗ, ਬੁੱਧੀ, ਨੈਤਿਕਤਾ ਅਤੇ ਸੰਯਮ ਦਾ ਪ੍ਰਤੀਕ ਮੰਨਿਆ ਗਿਆ ਹੈ, ਪਰੰਤੂ ਇਤਿਹਾਸਿਕ ਤੌਰ 'ਤੇ ਸਮਾਜਿਕ ਰੂੜ੍ਹੀਆਂ, ਪੁਰਸ਼-ਪ੍ਰਧਾਨ ਸੰਰਚਨਾਵਾਂ, ਆਰਥਿਕ ਅਸਮਾਨਤਾ ਅਤੇ ਰਵਾਇਤੀ ਕਾਨੂੰਨਾਂ ਨੇ ਉਸ ਦੀ ਅਸਲ ਸਮਰੱਥਾ, ਸਵੈ-ਨਿਰਣਾ ਅਤੇ ਸਮਾਨਤਾ ਨੂੰ ਦਬਾਇਆ ਹੈ। ਨਾਨਕ ਸਿੰਘ ਦੇ ਨਾਵਲ ਇਸ ਦੱਬੀ ਹੋਈ, ਸ਼ੋਸ਼ਿਤ ਨਾਰੀ ਚੇਤਨਾ ਨੂੰ ਸਮਾਜਿਕ ਸੁਧਾਰ, ਨੈਤਿਕ ਪੁਨਰ-ਨਿਰਮਾਣ ਅਤੇ ਮਨੁੱਖੀ ਅਧਿਕਾਰਾਂ ਦੇ ਕੇਂਦਰ ਵਿੱਚ ਰੱਖਦੇ ਹਨ। ਉਨ੍ਹਾਂ ਦੀ ਨਾਵਲਕਾਰੀ ਭਾਰਤੀ ਪੁਨਰ-ਜਾਗਰਨ (19ਵੀਂ-20ਵੀਂ ਸਦੀ) ਅਤੇ ਪ੍ਰਗਤੀਸ਼ੀਲ ਲਹਿਰਾਂ ਦੇ ਉਸ ਰੁਝਾਨ ਨਾਲ ਡੂੰਘਾਈ ਨਾਲ ਜੁੜੀ ਹੋਈ ਹੈ, ਜਿਸ ਦਾ ਉਦੇਸ਼ ਔਰਤ ਨੂੰ ਕੇਵਲ ਘਰੇਲੂ, ਗ੍ਰਹਿਸਥੀ ਭੂਮਿਕਾ ਤੱਕ ਸੀਮਿਤ ਰੱਖਣ ਦੀ ਬਜਾਏ ਉਸ ਨੂੰ ਸਮਾਜਿਕ ਨਿਆਂ, ਨੈਤਿਕ ਸਮਾਨਤਾ, ਆਤਮ-ਨਿਰਭਰਤਾ ਅਤੇ ਰਾਸ਼ਟਰੀ ਜੀਵਨ ਦਾ ਸਰਗਰਮ, ਸੁਚੇਤ ਹਿੱਸਾ ਬਣਾਉਣਾ ਸੀ। ਨਾਨਕ ਸਿੰਘ ਲਈ ਨਾਰੀ ਕੇਵਲ ਦਇਆ, ਕਰੁਣਾ ਜਾਂ ਪੀੜਾ ਦੀ ਪਾਤਰ ਨਹੀਂ, ਸਗੋਂ ਸਮਾਜਿਕ ਬਦਲਾਅ, ਨੈਤਿਕ ਪ੍ਰਤੀਰੋਧ ਅਤੇ ਸਭਿਆਚਾਰਕ ਨਵ-ਨਿਰਮਾਣ ਦੀ ਇੱਕ ਸਚੇਤ, ਸੰਘਰਸ਼ਸ਼ੀਲ ਅਤੇ ਪ੍ਰੇਰਕ ਇਕਾਈ ਹੈ।

ਨਾਨਕ ਸਿੰਘ ਦੇ ਮੁੱਢਲੇ ਨਾਵਲਾਂ ਵਿੱਚ ਦੂਜੇ ਵਿਆਹ ਦੀ ਪ੍ਰਥਾ ਨਾਰੀ ਪੀੜਾ, ਪਰਿਵਾਰਕ ਵਿਘਟਨ ਅਤੇ ਬਾਲ-ਮਨੋਵਿਗਿਆਨ ਦੇ ਕੇਂਦਰੀ ਕਾਰਨ ਵਜੋਂ ਉੱਭਰਦੀ ਹੈ। 'ਮਤਰੇਈ ਮਾਂ' ਅਤੇ 'ਮਿੱਠਾ ਮਹੁਰਾ' ਵਿੱਚ ਦੂਜੇ ਵਿਆਹ ਦੇ ਸਮਾਜਿਕ-ਮਨੋਵਿਗਿਆਨਕ ਨਤੀਜੇ ਨਾਰੀ ਅਤੇ ਬੱਚਿਆਂ (ਪਹਿਲੀ ਪਤਨੀ ਦੇ) ਲਈ ਵਿਨਾਸ਼ਕਾਰੀ, ਮਨੋਵਿਗਿਆਨਕ ਕਸ਼ਟਦਾਇਕ ਅਤੇ ਨੈਤਿਕ ਤੌਰ 'ਤੇ ਅਨਿਆਂ-ਪੂਰਨ ਸਾਬਤ ਹੁੰਦੇ ਹਨ। 'ਮਿੱਠਾ ਮਹੁਰਾ' ਵਿੱਚ ਸ਼ਕੁੰਤਲਾ ਦੀ ਨੈਤਿਕਤਾ, ਸਹਿਣਸ਼ੀਲਤਾ, ਤਿਆਗ ਅਤੇ ਅਟੁੱਟ ਵਿਸ਼ਵਾਸ ਉਸ ਨੂੰ ਆਤਮਿਕ ਤੌਰ 'ਤੇ ਉੱਚਾ ਚੁੱਕਦੇ ਹਨ ਅਤੇ ਅੰਤ ਵਿੱਚ ਉਹ

ਨੈਤਿਕ ਜਿੱਤ, ਮਾਤ੍ਰਿਤਵ ਦੀ ਪ੍ਰਾਪਤੀ ਅਤੇ ਪਤੀ ਦੇ ਪਿਆਰ ਦੀ ਵਾਪਸੀ ਪ੍ਰਾਪਤ ਕਰਦੀ ਹੈ, ਜਦਕਿ ਦਲੀਪ ਕੌਰ (ਦੂਜੀ ਪਤਨੀ) ਦੀ ਵਿਭਚਾਰੀ, ਸੁਆਰਥੀ, ਧੋਖੇਬਾਜ਼ ਅਤੇ ਨਿਸ਼ਕਾਮ ਜੀਵਨ-ਦ੍ਰਿਸ਼ਟੀ ਉਸ ਦੇ ਨੈਤਿਕ, ਸਮਾਜਿਕ ਅਤੇ ਅੰਤਿਮ ਸਰੀਰਕ ਪਤਨ ਦਾ ਕਾਰਨ ਬਣਦੀ ਹੈ। ਇੱਥੇ ਨਾਰੀ ਨੂੰ ਪਤੀਵਰਤਾ ਦੇ ਰੂੜ੍ਹੀਵਾਦੀ ਅਰਥਾਂ ਤੱਕ ਸੀਮਿਤ ਨਹੀਂ ਕੀਤਾ ਜਾਂਦਾ, ਸਗੋਂ ਉਸ ਦੀ ਨੈਤਿਕ ਸਵੈ-ਚੇਤਨਾ, ਆਤਮ-ਸ਼ਕਤੀ ਅਤੇ ਸੱਚੇ ਪਿਆਰ ਦੀ ਸ਼ਕਤੀ ਨੂੰ ਮੁੱਖ ਮਾਪਦੰਡ ਬਣਾਇਆ ਜਾਂਦਾ ਹੈ। ਇਸ ਤਰ੍ਹਾਂ ਨਾਨਕ ਸਿੰਘ ਦੂਜੇ ਵਿਆਹ ਦੀ ਸੰਸਥਾ ਉੱਤੇ ਨੈਤਿਕ, ਮਨੋਵਿਗਿਆਨਕ ਅਤੇ ਸਮਾਜਿਕ-ਤਿੰਨਾਂ ਪੱਧਰਾਂ 'ਤੇ ਸਵਾਲ ਖੜ੍ਹੇ ਕਰਦੇ ਹਨ ਅਤੇ ਪਰਿਵਾਰਕ ਮੁੱਲਾਂ ਦੀ ਨਵੀਂ ਪਰਿਭਾਸ਼ਾ ਦਿੰਦੇ ਹਨ।

ਨਾਰੀ ਦੀ ਆਰਥਿਕ ਅਸੁਰੱਖਿਆ, ਜਾਇਦਾਦੀ ਅਧਿਕਾਰਾਂ ਤੋਂ ਵੰਚਿਤਤਾ ਅਤੇ ਸਮਾਜਿਕ ਬੇਇਨਸਾਫ਼ੀ ਦਾ ਸਭ ਤੋਂ ਕਰੁਣਾਮਈ, ਯਥਾਰਥਵਾਦੀ ਅਤੇ ਪ੍ਰਭਾਵਸ਼ਾਲੀ ਚਿੱਤਰ 'ਚਿੱਟਾ ਲਹੂ' ਵਿੱਚ ਮਿਲਦਾ ਹੈ। ਗੁਰਦੇਈ ਦਾ ਪਾਤਰ ਇੱਕ ਅਜਿਹੀ ਗ਼ਰੀਬ, ਅਸਹਾਇ, ਨਿਰਧਨ ਹਿੰਦੂ ਵਿਧਵਾ ਔਰਤ ਦੀ ਪ੍ਰਤੀਨਿਧੀ ਕਰਦਾ ਹੈ, ਜੋ ਪੈਸੇ, ਸੱਤਾ, ਜਾਤੀ-ਪ੍ਰਭੁਤਾ ਅਤੇ ਧਾਰਮਿਕ ਪਖੰਡ ਦੀ ਲਾਲਚ ਦਾ ਸ਼ਿਕਾਰ ਬਣ ਕੇ ਦੋ ਵਾਰ ਵੇਚੀ ਜਾਂਦੀ ਹੈ (ਪਹਿਲਾਂ ਪੰਡਿਤ ਰਾਧੇ ਕ੍ਰਿਸ਼ਨ ਵੱਲੋਂ, ਫਿਰ ਨਾਥੂ ਮੱਲ ਵੱਲੋਂ)। ਉਸ ਦੀ ਬੇਬਸੀ, ਅਣਜਾਣਪੁਣੇ, ਆਰਥਿਕ ਲਾਚਾਰੀ ਅਤੇ ਸਮਾਜਿਕ ਅਲੱਗ-ਥਲੱਗਤਾ ਕਾਰਨ ਉਸ ਦਾ ਅੰਤਿਮ ਵੇਸਵਾ ਬਣਨਾ ਉਸ ਦੀ ਨਿੱਜੀ ਅਨੈਤਿਕਤਾ ਜਾਂ ਕਮਜ਼ੋਰੀ ਨਹੀਂ, ਸਗੋਂ ਸਮਾਜਕ-ਆਰਥਿਕ-ਧਾਰਮਿਕ ਸੰਰਚਨਾ ਦੀ ਨਿਰੁਕਤੀ, ਨਾਕਾਮੀ ਅਤੇ ਨਿਰਦੈਤਾ ਦਾ ਪ੍ਰਤੀਕ ਹੈ। ਇਸੇ ਨਾਵਲ ਵਿੱਚ ਸੁੰਦਰੀ ਦਾ ਪਾਤਰ ਨਾਰੀ ਚੇਤਨਾ ਦਾ ਉੱਚਾ, ਸੁਚੇਤ, ਸਿੱਖਿਅਤ ਅਤੇ ਸਰਗਰਮ ਰੂਪ ਪੇਸ਼ ਕਰਦਾ ਹੈ, ਜੋ ਸਾਹਿਤਕ ਰਚਨਾ, ਪੱਤਰਕਾਰੀ, ਸਮਾਜਿਕ ਸੇਵਾ ਅਤੇ ਅਨਿਆਂ ਦੇ ਵਿਰੁੱਧ ਅਵਾਜ਼ ਉਠਾਉਣ ਰਾਹੀਂ ਔਰਤਾਂ ਦੀ ਦਸ਼ਾ ਸੁਧਾਰਨ ਲਈ ਸੰਘਰਸ਼ ਕਰਦੀ ਹੈ। ਇੱਥੇ ਨਾਰੀ ਪੀੜਤ ਹੋ ਕੇ ਵੀ ਨਿਸ਼ਕ੍ਰਿਯ, ਸਬਲੀਕਰਨਯੋਗ ਨਹੀਂ ਰਹਿੰਦੀ, ਸਗੋਂ ਸੰਘਰਸ਼, ਰਚਨਾ ਅਤੇ ਸੇਵਾ ਰਾਹੀਂ ਆਪਣੀ ਪਹਿਚਾਣ, ਆਜ਼ਾਦੀ ਅਤੇ ਸਮਾਜਿਕ ਸਥਾਨ ਬਣਾਉਂਦੀ ਹੈ।

'ਟੁੱਟੀ ਵੀਣਾ' ਨਾਵਲ ਵਿੱਚ ਨਾਨਕ ਸਿੰਘ ਨਾਰੀ ਪੀੜਾ ਨੂੰ ਹੋਰ ਵੀ ਗਹਿਰੇ, ਜਟਿਲ ਅਤੇ ਯਥਾਰਥਕ ਰੂਪ ਵਿੱਚ ਪੇਸ਼ ਕਰਦੇ ਹਨ। ਸਤਿਆਵਤੀ (ਵੇਸਵਾ) ਅਤੇ ਉਸ ਦੀ ਸਿੱਖਿਅਤ, ਸੁੰਦਰ ਧੀ ਪ੍ਰਤਿਮਾ ਦਾ ਦੁਖਾਂਤ ਇਹ ਦਰਸਾਉਂਦਾ ਹੈ ਕਿ ਸਮਾਜ ਵੇਸਵਾ ਔਰਤ ਜਾਂ ਉਸ ਦੇ ਵੰਸ਼ (ਧੀ) ਨੂੰ ਕਦੇ ਵੀ ਸਮਾਜਿਕ ਸਤਿਕਾਰ, ਸਮਾਨਤਾ ਜਾਂ ਪੁਨਰ-ਸਥਾਪਨਾ ਲਈ ਸਵੀਕਾਰ ਕਰਨ ਲਈ ਤਿਆਰ ਨਹੀਂ ਹੁੰਦਾ। ਪ੍ਰਤਿਮਾ ਦਾ ਵੇਸਵਾ-ਵਿਰੋਧੀ ਸੰਘਰਸ਼, ਆਪਣੀ ਮਾਂ ਦੇ ਪੇਸ਼ੇ ਤੋਂ ਘ੍ਰਿਣਾ, ਅਤੇ ਸਮਾਜਿਕ ਪ੍ਰਵਾਨਗੀ ਦੀ ਭੁੱਖ ਨਾਰੀ ਚੇਤਨਾ ਦੀ ਉਸ ਅਵਸਥਾ ਨੂੰ ਦਰਸਾਉਂਦਾ ਹੈ, ਜਿੱਥੇ ਔਰਤ ਆਪਣੇ ਪਿਛਲੇ ਦਾਗ਼ਾਂ, ਸਮਾਜਿਕ ਕਲੰਕ ਅਤੇ ਪਰਿਵਾਰਕ ਪ੍ਰਥਾਵਾਂ ਦੇ ਖ਼ਿਲਾਫ਼ ਖੜ੍ਹ ਕੇ ਸਮਾਜਿਕ ਨਿਆਂ, ਮਨੁੱਖੀ ਗਰਿਮਾ ਅਤੇ ਸਮਾਨ ਅਵਸਰਾਂ ਦੀ ਮੰਗ ਕਰਦੀ ਹੈ। ਭਾਵੇਂ ਨਾਵਲ ਦੁਖਾਂਤਕ ਹੈ, ਪਰ ਇਹ ਦੁਖਾਂਤ ਨਾਰੀ ਦੀ ਕਮਜ਼ੋਰੀ ਨਹੀਂ, ਸਗੋਂ ਸਮਾਜ ਦੀ ਨਿਰਦੈਤਾ, ਝੂਠੀ ਨੈਤਿਕਤਾ ਅਤੇ ਕਰੁਣਾ-ਹੀਣਤਾ ਦਾ ਪ੍ਰਗਟਾਵਾ ਹੈ। ਇਹ ਨਾਵਲ ਸਮਾਜਿਕ ਪੁਨਰ-ਸਥਾਪਨਾ ਅਤੇ ਮੁੜ-ਵਸੇਬੇ ਦੀ ਜਟਿਲਤਾ ਨੂੰ ਉਜਾਗਰ ਕਰਦਾ ਹੈ।

ਨਾਨਕ ਸਿੰਘ ਦੀ ਪ੍ਰਗਤੀਸ਼ੀਲ, ਸੁਧਾਰਵਾਦੀ ਸੋਚ ਨਾਰੀ ਦੇ ਵਿਧਵਾ-ਵਿਆਹ ਦੇ ਸਮਰਥਨ, ਸਮਰੱਥਾ ਅਤੇ ਇਸ ਨੂੰ ਸਮਾਜਿਕ ਮਾਨਤਾ ਦਿਵਾਉਣ ਵਿੱਚ ਵੀ ਸਪਸ਼ਟ ਹੁੰਦੀ ਹੈ। 'ਫ਼ੌਲਾਦੀ ਫੁੱਲ' ਦੀ ਸਰਲਾ, 'ਅੱਧ ਖਿੜਿਆ ਫੁੱਲ' ਦੀ ਸਰੋਜ ਅਤੇ 'ਗੰਗਾਜਲੀ ਵਿੱਚ ਸ਼ਰਾਬ' ਦੀ ਉਰਵਸ਼ੀ ਵਰਗੇ ਪਾਤਰ ਵਿਧਵਾ-ਵਿਆਹ ਨੂੰ ਨੈਤਿਕ ਅਧਿਕਾਰ, ਮਨੁੱਖੀ ਲੋੜ, ਸਾਥ ਦੀ ਇੱਛਾ ਅਤੇ ਸਮਾਨਤਾ ਦੇ ਸਿਧਾਂਤ ਵਜੋਂ ਪੇਸ਼ ਕਰਦੇ ਹਨ। ਇੱਥੇ ਵਿਧਵਾ ਨੂੰ ਤਿਆਗ, ਤਪੱਸਿਆ, ਸੰਨਿਆਸ ਅਤੇ ਦੁੱਖ ਦੀ ਮੂਰਤੀ ਬਣਾਉਣ ਦੀ ਰਵਾਇਤੀ ਪ੍ਰਥਾ ਦੀ ਥਾਂ ਉਸ ਦੀ ਵਿਅਕਤੀਗਤ ਖ਼ੁਸ਼ੀ, ਆਤਮ-ਸਨਮਾਨ, ਭਾਵਨਾਤਮਕ ਪੂਰਤੀ ਅਤੇ ਸਮਾਜਿਕ ਭਾਈਚਾਰੇ ਵਿੱਚ ਸਰਗਰਮ ਭੂਮਿਕਾ ਨੂੰ ਮਹੱਤਵ ਦਿੱਤਾ ਜਾਂਦਾ ਹੈ। ਇਹ ਦ੍ਰਿਸ਼ਟੀ ਭਾਰਤੀ ਸਮਾਜ ਸੁਧਾਰ ਅੰਦੋਲਨਾਂ (ਰਾਜਾ ਰਾਮ ਮੋਹਨ ਰਾਏ, ਈਸ਼ਵਰ ਚੰਦਰ ਵਿਦਿਆਸਾਗਰ, ਆਰਯ ਸਮਾਜ ਆਦਿ)

ਅਤੇ ਆਧੁਨਿਕ ਮਨੁੱਖੀ ਅਧਿਕਾਰਾਂ ਦੇ ਵਿਚਾਰਾਂ ਨਾਲ ਸਿੱਧੀ ਤਰ੍ਹਾਂ ਜੁੜੀ ਹੋਈ ਹੈ ਅਤੇ ਨਾਨਕ ਸਿੰਘ ਨੂੰ ਆਪਣੇ ਸਮੇਂ ਤੋਂ ਅੱਗੇ ਦੀ ਸੋਚਣ ਵਾਲਾ, ਸੁਚੇਤ ਅਤੇ ਪ੍ਰਗਤੀਸ਼ੀਲ ਲੇਖਕ ਸਾਬਤ ਕਰਦੀ ਹੈ।

ਨਾਨਕ ਸਿੰਘ ਦੇ ਨਾਵਲਾਂ ਵਿੱਚ ਨਾਰੀ ਕੇਵਲ ਸਮਾਜਿਕ ਸੁਧਾਰ ਦੀ ਵਿਸ਼ਾ-ਵਸਤੂ ਜਾਂ ਪੀੜਤ ਪਾਤਰ ਨਹੀਂ, ਸਗੋਂ ਰਾਸ਼ਟਰੀ, ਸਭਿਆਚਾਰਕ ਅਤੇ ਬੌਧਿਕ ਚੇਤਨਾ ਦੀ ਵਾਹਕ, ਸਰਗਰਮ ਸ਼ਕਤੀ ਅਤੇ ਨੇਤਾ ਵੀ ਹੈ। 'ਚਿੱਟਾ ਲਹੂ' ਦੀ ਸੁੰਦਰੀ ਅਤੇ 'ਅੱਧ ਖਿੜਿਆ ਫੁੱਲ' ਦੀ ਸਰੋਜ ਸਾਹਿਤ, ਸਿੱਖਿਆ, ਪੱਤਰਕਾਰੀ, ਸਮਾਜ-ਸੇਵਾ ਅਤੇ ਦੇਸ਼-ਭਗਤੀ ਰਾਹੀਂ ਸਮਾਜਕ ਬਦਲਾਅ ਵਿੱਚ ਸਰਗਰਮ ਭੂਮਿਕਾ ਨਿਭਾਉਂਦੀਆਂ ਹਨ। 'ਲਵ ਮੈਰਿਜ' ਦੀ ਅਰਵਿੰਦ ਇੱਕ ਲੇਖਿਕਾ, ਬੁੱਧੀਜੀਵੀ ਅਤੇ ਸੁਤੰਤਰ-ਚੇਤਨਾ ਵਾਲੀ ਔਰਤ ਦੇ ਰੂਪ ਵਿੱਚ ਨਾਰੀ ਦੀ ਬੌਧਿਕ, ਰਚਨਾਤਮਿਕ, ਆਰਥਿਕ ਅਤੇ ਵਿਚਾਰਧਾਰਕ ਸਮਰੱਥਾ ਨੂੰ ਉਭਾਰਦੀ ਹੈ। ਇਸ ਤਰ੍ਹਾਂ ਨਾਨਕ ਸਿੰਘ ਨਾਰੀ ਨੂੰ ਪੁਰਾਣੀਆਂ ਰੂੜ੍ਹੀਆਂ, ਪਾਬੰਦੀਆਂ ਅਤੇ ਸੀਮਾਵਾਂ ਤੋਂ ਮੁਕਤ ਕਰਕੇ ਆਧੁਨਿਕ, ਸਵੈ-ਚੇਤਨ, ਸਿੱਖਿਅਤ, ਨਿਰਭੀਕ ਅਤੇ ਪ੍ਰਗਤੀਸ਼ੀਲ ਮਨੁੱਖ ਵਜੋਂ ਪੇਸ਼ ਕਰਦੇ ਹਨ।

## 4. ਲੋਕ-ਧਾਰਾ, ਪ੍ਰਤੀਕਾਤਮਿਕ ਅਭਿਵਿਅਕਤੀ, ਦੁਖਾਂਤ-ਸੁਖਾਂਤ ਦ੍ਰਿਸ਼ਟੀ

ਭਾਰਤੀ ਦਰਸ਼ਨ ਦੀ ਇੱਕ ਮਹੱਤਵਪੂਰਨ ਵਿਸ਼ੇਸ਼ਤਾ ਇਸ ਦੀ ਲੋਕ-ਧਾਰਾਤਮਿਕ, ਮੌਖਿਕ ਅਤੇ ਪ੍ਰਤੀਕਾਤਮਿਕ ਪ੍ਰਕ੍ਰਿਤੀ ਹੈ, ਜਿਸ ਅਨੁਸਾਰ ਗਿਆਨ, ਦਰਸ਼ਨ ਅਤੇ ਨੈਤਿਕਤਾ ਕੇਵਲ ਲਿਖਤੀ ਗ੍ਰੰਥਾਂ, ਦਾਰਸ਼ਨਿਕ ਚਰਚਾਵਾਂ ਜਾਂ ਸੰਸਥਾਗਤ ਧਰਮ ਤੱਕ ਸੀਮਿਤ ਨਹੀਂ ਰਹਿੰਦੇ, ਸਗੋਂ ਲੋਕ-ਜੀਵਨ, ਲੋਕ-ਵਿਸ਼ਵਾਸਾਂ, ਮਿੱਥਾਂ, ਕਥਾਵਾਂ, ਰਸਮਾਂ-ਰਿਵਾਜ਼ਾਂ, ਮੁਹਾਵਰਿਆਂ, ਗੀਤਾਂ ਅਤੇ ਪ੍ਰਤੀਕਾਂ ਰਾਹੀਂ ਆਮ ਲੋਕਾਂ ਦੀ ਚੇਤਨਾ, ਬੋਲੀ ਅਤੇ ਅਮਲ ਵਿੱਚ ਪ੍ਰਗਟ ਹੁੰਦੇ ਹਨ। ਨਾਨਕ ਸਿੰਘ ਦੇ ਨਾਵਲ ਇਸ ਲੋਕ-ਧਾਰਾਤਮਿਕ ਗਿਆਨ ਅਤੇ ਲੋਕ-ਚੇਤਨਾ ਦੇ ਜੀਵੰਤ, ਸਰਲ ਅਤੇ ਪ੍ਰਭਾਵਸ਼ਾਲੀ ਉਦਾਹਰਨ ਹਨ। ਉਹ ਆਮ ਮਨੁੱਖ ਦੇ ਦੁੱਖ–ਸੁਖ, ਵਿਸ਼ਵਾਸਾਂ, ਆਸ਼ਾਵਾਂ, ਡਰਾਂ, ਮੁਹਾਵਰਿਆਂ, ਰੋਜ਼ਮਰ੍ਹਾ ਬੋਲਚਾਲ, ਤਿਉਹਾਰਾਂ, ਮੇਲਿਆਂ, ਗੁਰਦੁਆਰਿਆਂ-ਮੰਦਿਰਾ, ਧਾਰਮਿਕ ਰਸਮਾਂ, ਲੋਕ-ਕਥਾਵਾਂ ਅਤੇ ਸਮਾਜਿਕ ਰਿਵਾਜ਼ਾਂ ਨੂੰ ਆਪਣੇ ਕਥਾ-ਸੰਸਾਰ ਦਾ ਅਟੁੱਟ ਅੰਗ ਬਣਾਉਂਦੇ ਹਨ। ਪਿੰਡਾਂ ਦੇ ਮੇਲੇ, ਵਿਆਹ-ਸ਼ਾਦੀ ਦੀਆਂ ਰਸਮਾਂ, ਮੌਤ-ਸੰਸਕਾਰ, ਭਗਤੀ-ਸੰਗੀਤ, ਲੋਕ-ਦਵਾਈਆਂ, ਜਾਦੂ-ਟੂਣੇ ਵਿੱਚ ਵਿਸ਼ਵਾਸ, ਨਿਆਣਿਆਂ ਦੇ ਖੇਡ-ਗੀਤ ਆਦਿ ਉਨ੍ਹਾਂ ਦੇ ਨਾਵਲਾਂ ਵਿੱਚ ਸਿਰਫ਼ ਪਿਛੋਕੜ ਜਾਂ ਵਾਤਾਵਰਣ ਨਹੀਂ ਬਣਦੇ, ਸਗੋਂ ਅਰਥਪੂਰਨ ਲੋਕ-ਦਰਸ਼ਨ, ਸਮਾਜਿਕ ਸਚਾਈਆਂ ਅਤੇ ਪਾਤਰਾਂ ਦੇ ਮਨੋਵਿਗਿਆਨ ਦਾ ਹਿੱਸਾ ਬਣ ਜਾਂਦੇ ਹਨ। ਇਸ ਤਰ੍ਹਾਂ ਨਾਨਕ ਸਿੰਘ ਦਾ ਸਾਹਿਤ ਭਾਰਤੀ ਗਿਆਨ-ਪਰੰਪਰਾ ਦੇ ਲੋਕਧਾਰਾਤਮਿਕ, ਸਰਲ ਅਤੇ ਜਨ-ਪ੍ਰਿਅ ਰੂਪ ਨੂੰ ਆਧੁਨਿਕ ਨਾਵਲ ਕਲਾ, ਯਥਾਰਥਵਾਦੀ ਵਿਧੀ ਅਤੇ ਮਨੋਵਿਗਿਆਨਕ ਚਿਤਰਨ ਵਿੱਚ ਢਾਲਦਾ ਹੈ।

ਨਾਨਕ ਸਿੰਘ ਦੀ ਕਲਾਤਮਿਕ ਮਹਾਨਤਾ, ਸੂਖਮਤਾ ਅਤੇ ਪ੍ਰਭਾਵਸ਼ਾਲੀਤਾ ਉਨ੍ਹਾਂ ਦੀ ਪ੍ਰਤੀਕਾਤਮਿਕ, ਬਿਰਤਾਂਤਿਕ ਅਤੇ ਸੰਕੇਤਾਤਮਿਕ ਅਭਿਵਿਅਕਤੀ ਵਿੱਚ ਖ਼ਾਸ ਤੌਰ 'ਤੇ ਪ੍ਰਗਟ ਹੁੰਦੀ ਹੈ। ਉਨ੍ਹਾਂ ਦੇ ਨਾਵਲਾਂ ਦੇ ਸਿਰਲੇਖ ਹੀ ਗਹਿਰੀ ਅਰਥ-ਛੁਪਾ, ਭਾਵ-ਬਹੁਤਾਤ ਅਤੇ ਨੈਤਿਕ ਸੰਕੇਤ ਨਾਲ ਭਰਪੂਰ ਪ੍ਰਤੀਕ ਬਣ ਜਾਂਦੇ ਹਨ। 'ਮਿੱਠਾ ਮਹੁਰਾ' ਦਾ ਸਿਰਲੇਖ ਦੂਜੇ ਵਿਆਹ ਨੂੰ ਮਿੱਠੇ ਜ਼ਹਿਰ ਦੇ ਪ੍ਰਤੀਕ ਵਜੋਂ ਦਰਸਾਉਂਦਾ ਹੈ, ਜੋ ਬਾਹਰੋਂ ਸੁਹਾਵਣਾ, ਆਕਰਸ਼ਕ, ਮਿੱਠਾ ਪਰ ਅੰਦਰੋਂ ਵਿਨਾਸ਼ਕਾਰੀ, ਜ਼ਹਿਰੀਲਾ ਅਤੇ ਪਰਿਵਾਰਕ ਜੀਵਨ ਨੂੰ ਨਸ਼ਟ ਕਰਨ ਵਾਲਾ ਹੈ। 'ਕਾਲ ਚੱਕਰ' ਦਾ ਸਿਰਲੇਖ ਨਸ਼ੇ ਦੀ ਆਦਤ ਅਤੇ ਗ਼ਰੀਬੀ-ਦੁੱਖਾਂ ਨੂੰ ਅੰਤਹੀਣ, ਘੁੰਮਦੇ, ਬਿਨਾਂ ਰੁਕਾਵਟ ਦੇ ਦੁੱਖਾਂ ਦੇ ਚੱਕਰ ਨਾਲ ਜੋੜਦਾ ਹੈ। 'ਚਿੱਟਾ ਲਹੂ' ਵਿੱਚ 'ਲਹੂ' ਮਨੁੱਖੀ ਜੀਵਨ, ਜੀਵਨ-ਸ਼ਕਤੀ, ਰਿਸ਼ਤਿਆਂ, ਪਿਆਰ ਅਤੇ ਨੈਤਿਕਤਾ ਦਾ ਪ੍ਰਤੀਕ ਹੈ, ਜਿਸ ਦਾ 'ਚਿੱਟਾ' ਹੋ ਜਾਣਾ (ਨਿਰਜੀਵ, ਨਿਸਤੇਜ, ਅਰਥਹੀਣ) ਸਮਾਜ ਵਿੱਚ ਫੈਲੇ ਅਨਿਆਂ, ਭ੍ਰਿਸ਼ਟਾਚਾਰ, ਧਰਮ-ਪਖੰਡ, ਸ਼ੋਸ਼ਣ ਅਤੇ ਅਨੈਤਿਕਤਾ ਵੱਲ ਸੰਕੇਤ ਕਰਦਾ ਹੈ। 'ਫ਼ੌਲਾਦੀ ਫੁੱਲ' ਦਾ ਪ੍ਰਤੀਕ ਨਾਇਕਾ ਸਰਲਾ ਦੀ ਅਟੱਲ ਨੈਤਿਕ ਦ੍ਰਿੜ੍ਹਤਾ, ਕੋਮਲਤਾ ਵਿੱਚ ਦ੍ਰਿੜ੍ਹਤਾ ਅਤੇ ਸੁੰਦਰਤਾ ਵਿੱਚ ਸਹਿਣਸ਼ੀਲਤਾ ਨੂੰ ਦਰਸਾਉਂਦਾ ਹੈ-ਜਿਵੇਂ ਫੁੱਲ ਨਰਮ, ਕੋਮਲ, ਸੁਗੰਧਿਤ ਹੋ ਕੇ ਵੀ

ਆਪਣੀ ਸੁਗੰਧ, ਸੁੰਦਰਤਾ ਅਤੇ ਪਛਾਣ ਕਾਇਮ ਰੱਖਦਾ ਹੈ, ਉਸੇ ਤਰ੍ਹਾਂ ਸਰਲਾ ਕਠਨ, ਦਰਦਨਾਕ ਹਾਲਾਤਾਂ, ਵਿਧਵਾ-ਜੀਵਨ ਦੀਆਂ ਚੁਨੌਤੀਆਂ ਵਿੱਚ ਵੀ ਆਪਣੇ ਆਦਰਸ਼ਾਂ, ਨੈਤਿਕਤਾ ਅਤੇ ਸਵੈ-ਮਾਣ ਨਾਲ ਵਫ਼ਾਦਾਰ ਰਹਿੰਦੀ ਹੈ। 'ਟੁੱਟੀ ਵੀਣਾ' ਦਾ ਸਿਰਲੇਖ ਵੇਸਵਾ ਨਾਰੀ ਦੀ ਟੁੱਟੀ ਹੋਈ, ਅਧੂਰੀ, ਦੁਖਾਂਤਕ, ਸੰਗੀਤ-ਹੀਣ ਜ਼ਿੰਦਗੀ ਦਾ ਪ੍ਰਤੀਕ ਹੈ, ਜਿਸ ਵਿੱਚੋਂ ਸੁਖ, ਪਿਆਰ ਜਾਂ ਸੰਤੁਸ਼ਟੀ ਦੀ ਸੁਰ ਨਹੀਂ ਨਿਕਲ ਸਕਦੀ। 'ਅੱਧ ਖਿੜਿਆ ਫੁੱਲ' ਉਸ ਨਾਰੀ ਦੇ ਅਧੂਰੇ, ਕੁੰਡਲਿਤ ਸੁਪਨਿਆਂ, ਆਸ਼ਾਵਾਂ ਅਤੇ ਸੰਭਾਵਨਾਵਾਂ ਦਾ ਪ੍ਰਤੀਕ ਹੈ, ਜੋ ਸਮਾਜਿਕ ਪਾਬੰਦੀਆਂ ਕਾਰਨ ਪੂਰੀ ਤਰ੍ਹਾਂ ਖਿੜ ਨਹੀਂ ਪਾਉਂਦਾ। ਇਹ ਪ੍ਰਤੀਕ ਭਾਰਤੀ ਕਾਵਿ-ਸ਼ਾਸਤਰੀ ਪਰੰਪਰਾ ਦੇ 'ਧੁਨੀ', 'ਵਿਅੰਗ' ਅਤੇ 'ਸੰਕੇਤ' ਸਿਧਾਂਤਾਂ ਨਾਲ ਮੇਲ ਖਾਂਦੇ ਹਨ, ਜਿੱਥੇ ਸ਼ਬਦਾਰਥ ਤੋਂ ਪਰੇ ਇੱਕ ਡੂੰਘਾ, ਬਹੁ-ਪਰਤੀ ਅਰਥ-ਬਿੰਬ, ਭਾਵ-ਛੁਪਾ ਅਤੇ ਮਨੋਵਿਗਿਆਨਕ ਸਚਾਈ ਨਿਹਿਤ ਹੁੰਦੀ ਹੈ।

ਨਾਨਕ ਸਿੰਘ ਦੇ ਨਾਵਲਾਂ ਵਿੱਚ ਦੁਖਾਂਤ ਅਤੇ ਸੁਖਾਂਤ ਦਾ ਸਹਿ-ਅਸਤਿਤਵ, ਗਤੀਸ਼ੀਲ ਸੰਤੁਲਨ ਅਤੇ ਨੈਤਿਕ ਉਦੇਸ਼ ਭਾਰਤੀ ਗਿਆਨ-ਪਰੰਪਰਾ ਦੀ ਜੀਵਨ-ਦ੍ਰਿਸ਼ਟੀ ਨੂੰ ਪ੍ਰਤੀਬਿੰਬਤ ਕਰਦਾ ਹੈ, ਜਿਸ ਅਨੁਸਾਰ ਜੀਵਨ ਸੁਖ ਅਤੇ ਦੁੱਖ, ਜਿੱਤ ਅਤੇ ਹਾਰ, ਉਚਾਈ ਅਤੇ ਪਤਨ, ਆਸ਼ਾ ਅਤੇ ਨਿਰਾਸ਼ਾ ਦਾ ਅਟੁੱਟ, ਚਕਰੀ ਅਤੇ ਸੰਤੁਲਿਤ ਮਿਲਾਪ ਹੈ। ਉਨ੍ਹਾਂ ਦੇ ਬਹੁਤੇ ਨਾਵਲ ਸੁਖਾਂਤਕ ਹਨ, ਜਿੱਥੇ ਨੈਤਿਕਤਾ, ਤਿਆਗ, ਸਚਾਈ, ਸਹਿਣਸ਼ੀਲਤਾ ਅਤੇ ਕਰਮ-ਨਿਸ਼ਠਾ ਦੀ ਅੰਤਿਮ ਜਿੱਤ ਹੁੰਦੀ ਹੈ। 'ਫ਼ੌਲਾਦੀ ਫੁੱਲ', 'ਪਿਆਰ ਦੀ ਦੁਨੀਆ', 'ਲਵ ਮੈਰਿਜ', 'ਗੰਗਾਜਲੀ ਵਿੱਚ ਸ਼ਰਾਬ' ਅਤੇ 'ਮਿੱਠਾ ਮਹੁਰਾ' ਵਰਗੇ ਨਾਵਲ ਆਸ਼ਾਵਾਦੀ, ਉਤਸ਼ਾਹ-ਭਰਪੂਰ ਅਤੇ ਨੈਤਿਕ ਨਿਆਂ-ਪੂਰਨ ਅੰਤ ਨਾਲ ਸਮਾਪਤ ਹੁੰਦੇ ਹਨ, ਜੋ ਕਰਮ-ਸਿਧਾਂਤ, ਦੈਵੀ ਨਿਆਂ ਅਤੇ ਮਨੁੱਖੀ ਚੰਗਿਆਈ ਵਿੱਚ ਲੇਖਕ ਦੇ ਡੂੰਘੇ ਵਿਸ਼ਵਾਸ ਨੂੰ ਦਰਸਾਉਂਦੇ ਹਨ। ਇਹ ਸੁਖਾਂਤਕ ਦ੍ਰਿਸ਼ਟੀ ਬ੍ਰਿਟਿਸ਼ ਸਾਮਰਾਜ ਵਿਰੁੱਧ ਆਜ਼ਾਦੀ ਸੰਘਰਸ਼, ਸਮਾਜਿਕ-ਆਰਥਿਕ ਮੁਸੀਬਤਾਂ ਅਤੇ ਨਿੱਜੀ ਦੁੱਖਾਂ ਦੇ ਸਮੇਂ ਦੇ ਨਿਰਾਸ਼ਾ-ਭਰੇ, ਉਦਾਸੀਨ ਮਾਹੌਲ ਵਿੱਚ ਪਾਠਕਾਂ ਲਈ ਆਸ, ਉਤਸ਼ਾਹ, ਮਨੋਬਲ ਅਤੇ ਨੈਤਿਕ ਪ੍ਰੇਰਨਾ ਦਾ ਸਰੋਤ ਬਣਦੀ ਹੈ।

ਇਸ ਦੇ ਨਾਲ ਹੀ ਨਾਨਕ ਸਿੰਘ ਕੁਝ ਅਜਿਹੇ ਨਾਵਲ ਵੀ ਰਚੇ ਹਨ, ਜਿੱਥੇ ਦੁਖਾਂਤ ਯਥਾਰਥ ਦੀ ਕਰੂਤਤਾ, ਸਮਾਜਿਕ ਜਟਿਲਤਾ ਅਤੇ ਨੈਤਿਕ ਸੰਘਰਸ਼ ਦੀ ਗੰਭੀਰਤਾ ਨੂੰ ਬੇਨਕਾਬ ਕਰਦਾ ਹੈ। 'ਚਿੱਟਾ ਲਹੂ' ਵਿੱਚ ਬਚਨ ਸਿੰਘ ਦੀ ਨਿਰਦੋਸ਼ ਫਾਂਸੀ, ਗੁਰਦੇਈ ਦੀ ਵੇਸਵਾ-ਜੀਵਨ ਵਿੱਚ ਮੌਤ, 'ਅੱਧ ਖਿੜਿਆ ਫੁੱਲ' ਵਿੱਚ ਸਰੋਜ ਦਾ ਵਿਖੰਡਿਤ ਸੁਪਨਾ, ਉਸ ਦੀ ਵਿਧਵਾ-ਜੀਵਨ ਦੀ ਤਨਹਾਈ ਅਤੇ 'ਟੁੱਟੀ ਵੀਣਾ' ਦਾ ਸੰਪੂਰਨ, ਨਿਰਸੰਦੇਹ ਦੁਖਾਂਤ ਦਰਸਾਉਂਦਾ ਹੈ ਕਿ ਸਮਾਜਿਕ ਸੰਰਚਨਾਵਾਂ, ਰੂੜ੍ਹੀਵਾਦੀ ਵਿਸ਼ਵਾਸ, ਆਰਥਿਕ ਅਸਮਾਨਤਾ ਅਤੇ ਮਨੁੱਖੀ ਨਿਰਦੈਤਾ ਕਈ ਵਾਰ ਨੇਕ ਇਰਾਦਿਆਂ, ਪਵਿੱਤਰ ਭਾਵਨਾਵਾਂ ਅਤੇ ਸੰਘਰਸ਼ਸ਼ੀਲ ਚੇਤਨਾ ਨੂੰ ਵੀ ਕੁਚਲ ਦਿੰਦੀਆਂ ਹਨ। ਪਰ ਇਹ ਦੁਖਾਂਤ ਨਿਰਾਸ਼ਾਵਾਦੀ, ਹਤਾਸ਼ਾਵਾਦੀ ਜਾਂ ਨਿਸਫਲ-ਭਾਵਨਾਵਾਦੀ ਨਹੀਂ ਹਨ; ਇਹ ਪਾਠਕ ਨੂੰ ਸਮਾਜਿਕ ਅਨਿਆਂ, ਢਾਂਚਾਗਤ ਬੁਰਾਈਆਂ ਅਤੇ ਨੈਤਿਕ ਪੱਖਪਾਤ ਦੇ ਵਿਰੁੱਧ ਸੋਚਣ, ਚੇਤੰਨ ਹੋਣ, ਰੋਸ ਪ੍ਰਗਟ ਕਰਨ ਅਤੇ ਸੁਧਾਰ ਦੀ ਤਾਕੀਦ ਮਹਿਸੂਸ ਕਰਾਉਂਦੇ ਹਨ। ਇਸ ਤਰ੍ਹਾਂ ਨਾਨਕ ਸਿੰਘ ਦਾ ਦੁਖਾਂਤ ਵੀ ਨੈਤਿਕ ਚੇਤਨਾ, ਸਮਾਜਿਕ ਆਲੋਚਨਾ ਅਤੇ ਮਨੁੱਖੀ ਸੰਵੇਦਨਸ਼ੀਲਤਾ ਨੂੰ ਜਗਾਉਣ ਦਾ ਇੱਕ ਸ਼ਕਤੀਸ਼ਾਲੀ ਸਾਧਨ ਬਣ ਜਾਂਦਾ ਹੈ।

## ਨਿਸ਼ਕਰਸ਼

ਉਪਰੋਕਤ ਸਮੁੱਚੇ ਅਧਿਐਨ ਦੇ ਆਧਾਰ 'ਤੇ ਕਿਹਾ ਜਾ ਸਕਦਾ ਹੈ ਕਿ ਨਾਨਕ ਸਿੰਘ ਦੀ ਨਾਵਲਕਾਰੀ ਭਾਰਤੀ ਗਿਆਨ-ਪਰੰਪਰਾ, ਦਾਰਸ਼ਨਿਕ ਚਿੰਤਨ ਅਤੇ ਨੈਤਿਕ ਜੀਵਨ-ਦ੍ਰਿਸ਼ਟੀ ਦੀ ਇੱਕ ਵਿਸਤ੍ਰਿਤ, ਵਿਹਾਰਕ, ਆਧੁਨਿਕ, ਪ੍ਰਗਤੀਸ਼ੀਲ ਅਤੇ ਸੁਚੇਤ ਅਭਿਵਿਅਕਤੀ ਹੈ। ਉਨ੍ਹਾਂ ਨੇ ਕਰਮ-ਵਾਦ ਨੂੰ ਨੈਤਿਕ ਜ਼ਿੰਮੇਵਾਰੀ ਅਤੇ ਸਮਾਜਿਕ ਸੇਵਾ ਨਾਲ, ਧਰਮ ਨਿਰਪੱਖਤਾ ਨੂੰ ਮਾਨਵੀ ਭਾਈਚਾਰੇ ਅਤੇ ਰਾਸ਼ਟਰੀ ਏਕਤਾ ਨਾਲ, ਨਾਰੀ ਚੇਤਨਾ ਨੂੰ ਸਮਾਜਿਕ ਨਿਆਂ, ਮਨੁੱਖੀ

ਅਧਿਕਾਰਾਂ ਅਤੇ ਆਤਮ-ਨਿਰਭਰਤਾ ਨਾਲ, ਰਾਸ਼ਟਰੀਅਤਾ ਨੂੰ ਅਹਿੰਸਾ, ਸਚਾਈ ਅਤੇ ਸਮਾਜਿਕ ਸੁਧਾਰ ਨਾਲ ਜੋੜ ਕੇ ਪੇਸ਼ ਕੀਤਾ। ਲੋਕ-ਧਾਰਾ ਅਤੇ ਪ੍ਰਤੀਕਾਤਮਿਕਤਾ ਰਾਹੀਂ ਉਨ੍ਹਾਂ ਨੇ ਪ੍ਰਾਚੀਨ, ਸ਼ਾਸਤਰੀ ਗਿਆਨ ਨੂੰ ਆਮ ਪਾਠਕ ਦੀ ਬੋਲੀ, ਉਸ ਦੇ ਅਨੁਭਵਾਂ, ਉਸ ਦੀ ਸਮਝ ਅਤੇ ਉਸ ਦੇ ਦਿਲ-ਦਿਮਾਗ਼ ਲਈ ਗ੍ਰਾਹਕ, ਅਰਥਪੂਰਨ, ਮਨੋਰੰਜਕ ਅਤੇ ਪ੍ਰਭਾਵਸ਼ਾਲੀ ਬਣਾਇਆ। ਨਾਨਕ ਸਿੰਘ ਲਈ ਸਾਹਿਤ ਮਨੁੱਖੀ ਜੀਵਨ ਨੂੰ ਨੈਤਿਕ, ਬੌਧਿਕ, ਭਾਵਨਾਤਮਕ ਅਤੇ ਸਮਾਜਿਕ ਤੌਰ 'ਤੇ ਸੰਵਾਰਨ, ਉੱਨਤ ਕਰਨ ਅਤੇ ਪੂਰਨਤਾ ਵੱਲ ਲੈ ਜਾਣ ਦਾ ਸਰਵ-ਉੱਤਮ ਸਾਧਨ ਹੈ। ਇਸ ਤਰ੍ਹਾਂ ਨਾਨਕ ਸਿੰਘ ਦੀ ਨਾਵਲ-ਕਲਾ ਭਾਰਤੀ ਦਾਰਸ਼ਨਿਕ ਚਿੰਤਨ ਅਤੇ ਨੈਤਿਕ ਜੀਵਨ-ਦ੍ਰਿਸ਼ਟੀ ਦੀ ਇੱਕ ਪ੍ਰਭਾਵਸ਼ਾਲੀ ਅਭਿਵਿਅਕਤੀ ਹੈ, ਜੋ ਹਰ ਪੀੜ੍ਹੀ ਲਈ ਪ੍ਰਸੰਗਕ ਅਤੇ ਮਾਰਗ-ਦਰਸ਼ਕ ਬਣੀ ਰਹੇਗੀ।

## ਸੰਦਰਭ ਸੂਚੀ -


[1]. *ਅਮਰਜੀਤ ਸਿੰਘ,1970, ਜਸਵੰਤ ਸਿੰਘ ਕੰਵਲ ਦੀ ਨਾਵਲ ਕਲਾ, ਨਿਊ ਬੁੱਕ ਕੰਪਨੀ, ਜਲੰਧਰ।*

[2]. *ਮਹਿਲ ਸਿੰਘ, 2006 ਪੰਜਾਬੀ ਨਾਵਲ ਦਾ ਸਮਾਜ-ਇਤਿਹਾਸਕ ਅਧਿਐਨ, ਸਿੰਘ ਬ੍ਰਦਰਜ਼, ਅੰਮ੍ਰਿਤਸਰ।*

[3]. *ਰਜਨੀਸ਼ ਬਹਾਦੁਰ ਸਿੰਘ, 2006 ਗਲਪ ਅਧਿਐਨ, ਚੇਤਨਾ ਪ੍ਰਕਾਸ਼ਨ, ਲੁਧਿਆਣਾ।*

[4]. *ਕੇਸਰ ਸਿੰਘ ਕੇਸਰ, 1992, ਵਰਗ ਸੰਘਰਸ਼ ਤੇ ਗਲਪ ਸਾਹਿਤ, ਰਘਬੀਰ ਰਚਨਾ ਪ੍ਰਕਾਸ਼ਨ, ਚੰਡੀਗੜ੍ਹ।*

[5]. *ਡਾ. ਕੁਲਵੰਤ ਕੌਰ ਕੋਹਲੀ, 1976, ਨਾਨਕ ਸਿੰਘ ਦੇ ਨਾਵਲਾਂ ਦਾ ਆਲੋਚਨਾਤਮਿਕ ਅਧਿਐਨ, ਪੈਪਸੂ ਬੁੱਕ ਡਿਪੂ, ਪਟਿਆਲਾ।*

[6]. *ਡਾ. ਕੁਲਬੀਰ ਸਿੰਘ ਕਾਂਗ, 1963, ਨਾਨਕ ਸਿੰਘ ਇਕ ਅਧਿਐਨ, ਲੋਕ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ।*

[7]. *ਡਾ. ਸੁਖਦੇਵ ਸਿੰਘ ਖਾਹਰਾ,2002, ਨਾਵਲਕਾਰ ਨਾਨਕ ਸਿੰਘ ਕੋਸ਼, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ।*



***Cite this Article***

***ਡਾ. ਸੰਦੀਪ ਸਿੰਘ ਮੁੰਡੇ***, *"**ਨਾਨਕ ਸਿੰਘ ਦੇ ਨਾਵਲਾਂ ਵਿੱਚ ਭਾਰਤੀ ਦਾਰਸ਼ਨਿਕ ਚਿੰਤਨ ਅਤੇ ਨੈਤਿਕ ਜੀਵਨ-ਦ੍ਰਿਸ਼ਟੀ**", International Journal of Multidisciplinary Research in Arts, Science and Technology (IJMRAST), ISSN: 2584-0231, Volume 3, Issue 12, pp. 15-27, December 2025.*

***Journal URL:*** https://ijmrast.com/

***DOI:*** https://doi.org/10.61778/ijmrast.v3i12.208


This work is licensed under a Creative Commons Attribution-Non Commercial 4.0 International License.